# ਹਰਭਜਨ ਸਿੰਘ ਹੁੰਦਲ

ਪਾਕਿਸਤਾਨ ਵਿੱਚੋਂ ਆਉਣ ਤੋਂ ਬਾਅਦ ਮੈਂ ਬੀ. ਏ. ਕੀਤੀ ਰਣਧੀਰ ਕਾਲਜ, ਕਪੂਰਥਲੇ ਤੋਂ 1955 ਵਿੱਚ। ਉਸ ਤੋਂ ਬਾਅਦ ਛੇਤੀ ਹੀ ਟੀਚਰ ਦੀ ਜੌਬ ਮਿਲ ਗਈ ਤੇ ਫਿਰ 57-58 ਵਿੱਚ ਮੈਂ ਫਗਵਾੜਾ ਰਾਮਗੜੀਆ ਟਰੇਨਿੰਗ ਕਾਲਜ ਤੋਂ ਬੀ. ਐਡ. ਕਰ ਲਈ। ਤਾਂ ਫਿਰ 57-58 ਵਿੱਚ ਕਵਿਤਾ ਲਿਖਣੀ ਮੈਂ ਸ਼ੁਰੂ ਕੀਤੀ ਐ ਐਂਰ ਫਿਰ ਵੱਖ ਵੱਖ ਸਕੂਲਾਂ ਤੋਂ ਹੁੰਦਾ ਹੋਇਆ ਮੈਂ ਆਪਣੇ ਲਾਗਲੇ ਪਿੰਡਾਂ ਚ ਆ ਗਿਆ, ਐਥੋਂ ਪੰਜ ਕੁ ਮੀਲ ਤੇ ਸੀ ਭੰਡਾਲ ਬੇਟ ਮਿਡਲ ਸਕੂਲ, ਉਥੇ ਹੈਡਮਾਸਟਰ ਰਿਹਾ ਮੈਂ ਛੇ ਕੁ ਸਾਲ। ਤੇ ਉਸ ਤੋਂ ਬਾਅਦ ਫਿਰ ਮੈਂ ਐਮ. ਏ. ਕਰ ਲਈ ਆ 68 ਵਿੱਚ। ਤਾਂ ਛੇਤੀ ਹੀ ਬਾਅਦ ਮੈਨੂੰ ਪੰਜਾਬੀ ਲੈਕਚਰਾਰ ਦੀ ਪੋਸਟ ਮਿਲ ਗਈ। ਕੁਝ ਸਮੇਂ ਬਾਅਦ ਪੰਜਾਬ ਦੇ ਟੀਚਰਾਂ ਦੀ ਇੱਕ ਜੱਥੇਬੰਦੀ ਬਣ ਗਈ ਸੀ ਜੀਹਦਾ ਨਾਂ ਸੀ ਗੌਰਮਿੰਟ ਟੀਚਰਜ ਯੂਨੀਅਨ, ਪੰਜਾਬ। ਉਹਦੇ ਵਿੱਚ ਮੇਰੇ ਦੋਸਤਾਂ ਨੇ ਵੀ ਮੈਨੂੰ ਖਿੱਚ ਲਿਆਂਦਾ ਕਿ ਤੁਸੀਂ ਕੁਝ ਪੜਦੇ ਲਿਖਦੇ ਰਹਿੰਦੇ ਜੇ, ਕੁਝ ਤੁਹਾਨੂੰ ਸਮਾਜਿਕ ਸੂਝ ਏ, ਤੁਸੀਂ ਵੀ ਯੂਨੀਅਨ ਚ ਕੰਮ ਕਰੋ। ਫਿਰ ਕੋਈ 15-20 ਸਾਲ ਮੈਂ ਲਗਾਤਰ ਗੌਰਮਿੰਟ ਟੀਚਰਜ ਯੂਨੀਅਨ ਦੇ ਜਲਸਿਆਂ, ਮੁਜਾਹਿਰਿਆਂ, ਇੱਕਠਾਂ, ਧਰਨਿਆਂ ਚ ਜਾਂਦਾ ਰਿਹਾਂ। ਫਿਰ ਇਸ ਤਰਾਂ ਹੋਇਆ ਕਿ ਜਲੰਧਰ ਤੋਂ ਇੱਕ ਪਰਚਾ 'ਲਕੀਰ' ਨਿਕਲਦਾ ਸੀ, ਉਨਾਂ ਦਿਨਾਂ ਚ ਪ੍ਰੇਮ ਪ੍ਰਕਾਸ਼ ਉਸਦਾ ਐਡੀਟਰ ਸੀ, ਉਹ ਨਕਸਲਾਈਟ ਸਾਹਿਤ ਛਾਪਣ ਡਹਿ ਪਿਆ ਸੀ। ਮੇਰੀਆਂ ਵੀ ਕੁਝ ਚੀਜਾਂ ਉਹਦੇ ਚ ਛਪੀਆਂ। ਉਹ ਜਿਹੜਾ ਵੀ ਕੋਈ ਉਸ ਵਿੱਚ ਛਪਦਾ ਸੀ, ਉਸਨੂੰ ਸਮਝ ਲਿਆ ਜਾਂਦਾ ਸੀ ਕਿ ਇਹ ਨਕਸਲਾਈਟ ਆ। ਹੈਰਾਨੀ ਇਹ ਸੀ ਕਿ ਬਈ ਮੈਂ ਤਾਂ ਉਹਨਾਂ ਦਾ ਕੋਈ ਹਮਾਇਤੀ ਨਹੀਂ ਸੀ। ਕਿਉਂਕਿ ਮੇਰੇ ਜਿਹੜੇ ਜਲੰਧਰ ਵਾਲੇ ਦੋਸਤ ਸੀ, ਉਹ ਸਾਰੇ ਈ ਕਮਿਊਨਿਸਟ ਪਾਰਟੀ ਮਾਰਕਸਵਾਦੀ ਵਿੱਚ ਕੰਮ ਕਰਦੇ ਸੀ। ਤੇ ਮੇਰੇ ਵਿਚਾਰ ਉਹਨਾਂ ਦੀ ਸੰਗਤ ਨਾਲ ਮਾਰਕਸਿਸਟ ਤਾਂ ਬਣ ਗਏ ਪਰ ਮੈਂ ਨਕਸਲਾਈਟ ਨਹੀਂ ਬਣ ਸਕਿਆ। ਜਦੋਂ ਮੈਂ 65 ਵਿੱਚ ਆਪਣੀ ਪਹਿਲੀ ਕਿਤਾਬ ਛਾਪੀ ਐ ਤਾਂ ਉਦੋਂ ਈ ਐਕਸਪੈਰੀਮੈਂਟਲ ਜਿਹੜੀ ਆ ਪੋਇਟਰੀ ਉਹਦੀ ਗੱਲ ਚੱਲ ਪਈ ਸੀ, ਪ੍ਰਯੋਗਵਾਦੀ। ਮੇਰੇ ਮਨ ਚ ਸਵਾਲ ਇਹ ਆਇਆ ਬਈ ਨਵੇਂ ਤਜਰਬੇ ਤਾਂ ਹੋਣ ਪਰ ਉਹ ਪ੍ਰੋਗਰੈਸਿਵ ਐਂਗਲ ਤੋਂ ਹੋਣ, ਉਹ ਲੋਕਾਂ ਦੇ ਜਨਤਕ ਜਿਹੜੀਆਂ ਮੁਸ਼ਕਲਾਂ ਨੇ, ਤਕਲੀਫਾਂ ਨੇ, ਪਰੇਸ਼ਾਨੀਆਂ ਨੇ ਉਹਦੀ ਪੇਸ਼ਕਾਰੀ ਉਹਦੇ ਚ ਹੋਣੀ ਚਾਹੀਦੀ ਆ। ਉਹ ਮੈਨੂੰ ਨਵਤੇਜ ਸਿੰਘ ਪ੍ਰੀਤਲੜੀ ਵਾਲੀ ਨੇ ਕਿਹਾ ਬਈ ਹੁੰਦਲ ਕਿਤਾਬ ਇੱਕ ਨਵੀਂ ਆਈ ਐ, ਉਹ ਤੇਰੇ ਖਰੀਦਣ ਵਾਲੀ ਆ, ਤੂੰ ਜਾ ਕੇ ਮਾਈ ਹੀਰਾਂ ਗੇਟ ਤੋਂ ਖ੍ਰੀਦ ਲਿਆ, ਤੇ ਮੇਰੇ ਉਹਨਾਂ ਸ਼ੰਕਿਆਂ ਦਾ ਜੁਆਬ ਉਸ ਕਿਤਾਬ ਵਿੱਚ ਸੀ। ਉਹਦੇ ਚੋਂ ਉਹ ਲਿਖਤ ਨੇ ਕਿਹਾ ਬਈ ਐਕਸਪਰੀਮੈਂਟ ਤਾਂ ਹੋਣੇ ਚਾਹੀਦੀ ਆ, ਤੇ ਮਾਰਕਸਿਸਟ ਜਿਹੜਾ ਕੋਈ ਲੇਖਕ ਆ ਉਹਨੂੰ ਤੇ ਜਰੂਰ ਕਰਨੇ ਚਾਹੀਦੇ ਆ ਨਵੇਂ ਤਜਰਬੇ, ਪਰ ਉਹ ਆਪਣੇ ਵਿਚਾਰਾਂ ਦੀ ਕੌਸਟ ਉਤੇ ਨਹੀਂ ਕਰਨੇ ਚਾਹੀਦੇ। ਖੈਰ ਏਸੇ ਤਰਾਂ ਈ ਫਿਰ ਅਗਲਾ ਚੈਲੈਂਜ ਆਇਆ, ਨਕਸਟਲਿਜਮ ਦਾ, ਉਹਦੇ ਵਿੱਚ ਉਦੋਂ ਤਾਈਂ ਮੈਨੂੰ ਸਮਝ ਆ ਗਈ ਸੀ ਕਿ ਇਹਨਾਂ ਦੀ ਲਾਈਨ ਗਲਤ ਐ ਔਰ ਹਿੰਦੁਸਤਾਨ ਵਿੱਚ ਜਿਹੜਾ ਹਥਿਆਰਬੰਦ ਇਨਕਲਾਬ ਦੀ ਜਿਹੜੀ ਗੁਜਾਇੰਸ਼ ਹੈਨੀ ਗੀ। ਕਿਉਂਕਿ ਹਿੰਦੁਸਤਾਨ ਮਲਟੀਨੈਸ਼ਨਲ ਦੇਸ਼ ਐ, ਬੜੀਆਂ ਵੱਖਰੀਆਂ ਵੱਖਰੀਆਂ ਕਲਚਰ ਐ, ਬੜੇ ਬੜੇ ਜਗਰਫੀਕਲ ਇਲਾਕੇ ਨੇ ਔਰ ਏਡੇ ਸਟੇਟ ਬੜੀ ਮਜਬੂਤ ਐ, ਜਿਹਦੇ ਕੋਲ ਫੌਜ ਐ, ਪੁਲਿਸ ਐ, ਹੋਰ ਕੋਈ ਮਿਲਟਰੀ ਜਥੇਬੰਦੀਆਂ ਨੇ ਉਹਨਾਂ ਕੋਲੇ। ਤੇ ਇਹ ਇੱਕ

ਬਾਹਰੋਂ ਫਾਰਮੂਲੇ ਲੈ ਕੇ ਲਾਗੂ ਕਰਨਾ ਠੀਕ ਨਹੀਂ। ਤੇ ਮੈਂ ਉਸ ਬਾਰੇ ਵੀ ਨਜਮਾਂ ਲਿਖੀਆਂ ਨੇ ਕੁਝ ਜਿਹੜੀਆਂ ਨਕਸਲਾਈਟ ਲਾਈਨ ਨੂੰ ਕੰਟਰਾਡਿਕਟ ਕਰਦੀਆਂ। ਉਦੋਂ ਬਾਅਦ ਜਦ ਫਿਰ ਐਮਰਜੈਂਸੀ ਆਉਂਦੀ ਆ, ਐਮਰਜੈਂਸੀ ਨੂੰ ਵੀ ਮੈਂ ਕਿਵੇਂ ਪੇਸ਼ ਕਰਨਾ ਕਵਿਤਾ ਵਿੱਚ ਇਹਦੇ ਲਈ ਮੈਨੂੰ ਸੋਚਣਾ ਪਿਆ ਔਰ ਹੌਲੀ ਹੌਲੀ ਕਿਉਂਕਿ ਪਾਬੰਦੀਆਂ ਸੀ, ਸੈਂਸਰਸ਼ਿਪ ਲੱਗੀ ਹੋਈ। ਚੀਜ ਕੋਈ ਐਸੀ ਛਪਦੀ ਨਹੀਂ ਸੀ। ਪਰ ਮੈਂ ਇੱਕ ਗਜਲ ਲਿਖੀ, ਉਹਦੇ ਚ ਕੁਝ ਗੱਲਾਂ ਐਸੀਆਂ ਸੀ ਜਿਹੜੀਆ ਸੈਂਸਰਸ਼ਿਪ ਬੋਰਡ ਨੂੰ ਠੀਕ ਨਾ ਲੱਗੀਆਂ। ਔਰ ਸਤੰਬਰ 76 ਵਿੱਚ ਉਹਨਾਂ ਨੇ ਮੇਰੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ ਤਾਂ ਫਿਰ ਜਨਵਰੀ 77 ਦੇ ਵਿੱਚ ਜਦ ਐਮਰਜੈਂਸੀ ਹਟੀ ਆ ਤਾਂ ਮੈਨੂੰ ਵੀ ਕੋਈ 27 ਜਨਵਰੀ ਨੂੰ ਰਿਹਾਅ ਕਰ ਦਿੱਤਾ ਜੇਲ ਵਿਚੋਂ। ਉਥੇ ਬਹਿ ਕਿ ਅਜੀਬ ਸਿਲਸਿਲਾ ਸੀ, ਮੈਂ ਇੱਕ ਨਜਮ ਲਿਖੀ ਆ ਐਮਰਜੈਂਸੀ ਦੇ ਖਿਲਾਫ ਤੇ ਉਹਦੇ ਲਈ ਮੈਨੂੰ ਫੜ ਲਿਆ। ਪਰ ਜਦੋਂ ਮੈਂ ਜੇਲ ਚ ਗਿਆ ਵਾਂ ਤਾਂ ਉਥੇ ਮੈਂ ਪੂਰੀ ਕਿਤਾਬ ਲਿਖ ਕੇ ਲਿਆਂਦੀ। ਮੈਂ ਸੋਚਦਾਂ ਬਈ ਇਹ ਕੈਸੀ ਕੰਟਰਾਡਿਕਸ਼ਨ ਐ ਬਈ ਉਹ ਪਹਿਲੀ ਨਜਮ ਖਤਰਨਾਕ ਹੋ ਗਈ, ਜਿਹੜੀ ਮੈਂ ਉਥੇ ਬਹਿ ਕੇ ਲਿਖੀਆਂ, ਉਹਨਾਂ ਬਾਰੇ ਉਹਨਾਂ ਨੂੰ ਕੋਈ ਫਿਕਰ ਨਹੀਂ ਸੀ ਔਰ 'ਕਾਲੇ ਦਿਨ' ਨਾਂ ਦੀ ਕਿਤਾਬ ਛਪੀ। ਫਿਰ ਇੱਕ ਦੌਰ ਪੰਜਾਬ ਵਿੱਚ ਆਉਂਦਾ ਵਾ ਜਿਹੜਾ ਖਾਲਿਸਤਾਨੀ ਦੌਰ ਆ, ਇਹ ਕੋਈ ਅਠਾਰਾਂ ਉਨੀ ਸੌ ਇਕਆਸੀ ਬਿਆਸੀ ਤੋਂ ਲੱਗ ਕੇ 1992-93 ਤੱਕ ਰਹਿੰਦਾ। ਪਰ ਇਹ ਵੀ ਮੈਂ ਮੰਨਦਾ ਕਿ ਸਰਕਾਰ ਨੇ ਜੋ ਕੁਛ ਕੀਤਾ ਸੀ ਹਰਿਮੰਦਰ ਸਾਹਿਬ ਤੇ ਅਟੈਕ ਉਹਦੇ ਨਾਲ ਸਿੱਖੀ ਭਾਵਨਾ ਨੂੰ ਸੱਟ ਵੱਜੀ ਸੀ, ਪਰ ਜਿਹੜਾ ਰਾਹ ਇਹ ਤੁਰ ਪਏ ਸੀ ਸਿੱਖ, ਉਹ ਵੀ ਠੀਕ ਨਹੀਂ ਸੀ। ਉਹਦੇ ਚ ਪ੍ਰਧਾਨ ਮੰਤਰੀ ਦਾ ਕਤਲ ਹੋਇਆ, ਫਿਰ ਸਿੱਖਾਂ ਦਾ ਕਤਲੇਆਮ ਹੋਇਆ ਦਿੱਲੀ ਚ ਤਿੰਨ ਚਾਰ ਹਜਾਰ ਬੰਦਾ ਮਾਰਿਆ ਗਿਆ, ਉਦੋਂ ਬਾਅਦ ਅੱਤਵਾਦ ਦਾ ਦੌਰ ਪੰਜਾਬ ਚ ਆਇਆ ਔਰ ਉਹ ਫਿਰ ਇਸ਼ੂ ਮੇਰੇ ਲਈ ਇਹ ਆ ਗਿਆ ਬਈ ਏਸ ਗੱਲ ਨੂੰ ਪੇਸ਼ ਕਿਵੇਂ ਕਰਨਾ ਕੁਝ ਨਜਮਾਂ ਮੈਂ ਲਿਖੀਆਂ ਪੰਜ ਚਾਰ, ਦੋਸਤਾਂ ਨੇ ਕਿਹਾ ਕਿ ਠੀਕ ਐ, ਪੁਲਟੀਕਲੀ ਠੀਕ ਐ ਤੇ ਉਹ ਛਪੀਆਂ, ਦੋਸਤਾਂ ਨੂੰ ਸੁਣਾਈਆਂ ਮੈਂ। ਏਸ ਸਾਰਾ ਕੁਝ 20 ਕੁ ਸਾਲ, 15 ਕੁ ਸਾਲ ਚੱਲੀ ਏ ਇਹ ਐਜੀਟੇਸ਼ਨ, ਇਹਦੇ ਹਰ ਸਟੇਜ ਉਤੇ ਮੈਂ ਇਹਦੇ ਖਿਲਾਫ ਲਿਖਿਆ। ਔਰ ਲਿਖਿਆ ਸਿੱਖੀ ਦੇ ਅਸੂਲਾਂ ਨੂੰ ਸਮਝ ਕੇ, ਗ੍ਰਹਿਣ ਕਰਕੇ, ਉਸ ਪੁਆਇੰਟ ਤੋਂ ਲਿਖਿਆ ਕਿ ਇਹ ਸਾਰਾ ਕੁਝ ਗਲਤ ਐ। ਕਵਿਤਾ ਦੇ ਖੇਤਰ ਵਿੱਚ ਮੇਰੀਆਂ ਕੋਈ 20-21 ਕਿਤਾਬਾਂ ਛਪ ਚੁੱਕੀਆਂ 1965 ਤੋਂ ਲੈ ਕੇ ਨਿਰੰਤਰ ਮੈਂ ਲਿਖਦਾ ਰਿਹਾਂ ਕਿ ਕਵਿਤਾ ਤਾਂ ਸਦਾ ਈ ਬੰਦੇ ਨੂੰ ਸੁੱਝਦੀ ਨਹੀਂ। ਕਵਿਤਾ ਦਾ ਇੱਕ ਮੂਡ ਹੁੰਦਾ, ਸਮਾਂ ਹੁੰਦਾ, ਲੇਕਿਨ ਉਸ ਸਮੇਂ ਵਿੱਚ ਜਦੋਂ ਲੇਖਕ ਦੀ ਬੈਟਰੀ ਚਾਰਜ ਹੋਣੀ ਹੁੰਦੀ ਆ, ਉਦੋਂ ਕੀ ਕਰੇ? ਇਹ ਸਵਾਲ ਮੇਰੇ ਸਾਹਮਣੇ ਆਇਆ ਤੋਂ ਦੋਸਤਾਂ ਮਿੱਤਰਾਂ ਦੀ ਸੰਗਤ ਨਾਲ ਇਹ ਗੱਲ ਹੋਈ ਕਿ ਕਵੀ ਨੂੰ ਹੋਰ ਸਹਿਤ ਰੂਪਾਂ ਵਿੱਚ ਵੀ ਰਚਨਾ ਕਰਨੀ ਚਾਹੀਦੀ ਹੈ, ਪਹਿਲਾਂ ਪਹਿਲਾਂ ਜਦੋਂ ਮੈਂ ਜੇਲ ਚੋਂ ਬਾਹਰ ਆਇਆ ਤਾਂ ਮੈਨੂੰ 'ਦੇਸ ਪਰਦੇਸ' ਰਸਾਲਾ ਇੱਕ ਇੰਗਲੈਂਡ ਤੋਂ ਨਿਕਲਦਾ ਸੀ, ਉਹਦਾ ਐਡੀਟਰ ਮੈਨੂੰ ਮਿਲਣ ਆਇਆ ਤਰਸੇਮ ਪੁਰੇਵਾਲ। ਮੈਨੂੰ ਆਂਹਦਾ ਕੋਈ ਉਥੇ ਜੇਲ ਜੀਵਣ ਬਾਰੇ ਲਿਖ ਕੇ ਦੇਹ। ਮੈਂ ਕਿਹਾ ਕਿ ਮੈਂ ਤਾਂ ਕਿਤੇ ਵਾਰਤਕ ਲਿਖੀ ਨਹੀਂ। ਕਹਿੰਦਾ ਜੋ ਉਥੇ ਵੇਖਿਆ, ਲਿਖਦੇ। ਤੇ ਮੈਂ ਕੋਈ 50-60 ਸਫੇ ਕੋਈ ਲਿਖ ਕੇ ਦਿੱਤੇ ਤੇ ਉਹਨੇ ਉਥੇ ਮੂਰਤਾਂ ਨਾਲ ਛਾਪੇ ਇੰਗਲੈਂਡ ਵਿੱਚ, ਉਹਦੀ ਬੜੀ ਚਰਚਾ ਹੋਈ ਤੇ ਉਥੋਂ ਮੇਰਾ ਝਕ ਲਹਿ ਗਿਆ ਵਾਰਤਕ ਦਾ। ਮੈਂ ਤਿਰਲੋਚਣ ਸਿੰਘ ਰਾਣਾ ਵਾਲਾ ਗਰੁੱਪ, ਜਿਹੜਾ ਕਿ ਸੀ. ਪੀ. ਆਈ. ਐਮ. ਦੇ ਨੇੜੇ ਸੀ ਪੁਲਟੀਕਲੀ, ਉਹਦੇ ਵਿੱਚ ਸ਼ਾਮਿਲ ਰਿਹਾਂ ਔਰ

ਉਹਨਾਂ ਦੇ ਨਾਲ ਕੰਮ ਕਰਦਾ ਰਿਹਾਂ। ਮੈਨੂੰ ਫਿਰ ਜੱਥੇਬੰਦਕ ਤਜਰਬਾ ਬਹੁਤ ਫਿਰ ਹੋ ਗਿਆ, ਕਿਉਂਕਿ ਮੈਂ ਲਗਾਤਰ ਪੜਦਾ ਸੀ, ਲਿਖਦਾ ਸੀ। ਇਸ ਕਰਕੇ ਜਦੋਂ ਮੈਂ ਜੱਥੇਬੰਦੀ ਦੇ ਵਿੱਚ ਕੰਮ ਕੀਤਾ, ਮੈਂ ਉਹਦੇ ਤੋਂ ਅਨੁਭਵ ਬੜਾ ਪ੍ਰਾਪਤ ਕੀਤਾ। ਉਹ ਅਨੁਭਵ ਡੂੰਘਾ ਵੀ ਸੀ ਤੇ ਵਿਸ਼ਾਲ ਵੀ ਸੀ ਔਰ ਉਹ ਨਾ ਜੱਥੇਬੰਦੀ ਚ ਕੰਮ ਕਰਦਿਆਂ ਮੈਂ ਕਰਾਇਆ ਕਿਸੇ ਕੋਲੋਂ, ਕਿਸੇ ਟੀਚਰ ਕੋਲੋਂ ਕਦੇ ਨੀ ਸੀ ਲਿਆ, ਪੱਲਿਓਂ ਪੈਸੇ ਖਰਚਦਾ ਸੀ। ਫਿਰ ਦੋਸਤਾਂ ਨੇ ਮੈਨੂੰ ਕਿਹਾ ਕਿ ਹੁਣ ਚੰਗਾ ਹੋਵੇ ਤੂੰ ਕੇਂਦਰੀ ਲੇਖਕ ਸਭਾ ਵਿੱਚ ਕੰਮ ਕਰ। ਉਦੂੰ ਬਾਅਦ ਫਿਰ ਮੇਰੇ ਸਾਹਮਣੇ ਸਵਾਲ ਆਇਆ ਕਿ ਇਹ ਕੀ ਜਿਹੜਾ ਕੇਂਦਰੀ ਸਭਾ ਚ ਕੰਮ ਕਰਨਾ, ਇਹਦੇ ਚ ਦੋ ਤਿੰਨ ਗੱਲਾਂ ਨੇ, ਇੱਕ ਤਾਂ ਇਹ ਆਹ ਕਿ ਲਿਖਣਾ ਨਹੀਂ ਛੱਡਣਾ ਚਾਹੀਦਾ, ਦੂਸਰਾ ਇਹ ਆ ਕਿ ਜੱਥੇਬੰਦਕ ਡਿਊਟੀ ਜਿਹੜੀ ਲੱਗੇ ਲੇਖਕ ਦੀ, ਉਹਦੇ ਤੋਂ ਭੱਜਣਾ ਨਹੀਂ ਚਾਹੀਦਾ ਔਰ ਉਹਨੂੰ ਕਿਰਾਇਆ ਲਾਉਣ ਤੋਂ, ਸਮਾਂ ਲਾਉਣ ਤੋਂ ਆਪਣੇ ਆਪ ਉਹਨੂੰ ਬਚਾਉਣਾ ਨਹੀਂ ਚਾਹੀਦਾ। ਉਹ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ। ਮੈਂ ਲਗਾਤਾਰ ਕੇਂਦਰੀ ਸਭਾ ਚ ਕੰਮ ਕੀਤਾ, ਕਦੇ ਅਹੁਦੇ ਵਿੱਚ ਹੁੰਦਿਆਂ ਕੀਤਾ, ਕਦੇ ਅਹੁਦੇ ਤੋਂ ਬਿਨਾ ਕੀਤਾ। ਫਿਰ ਇੱਕ ਸਟੇਜ ਇਹ ਵੀ ਆਈ ਕਿ ਜਿਹੜੇ ਦੋ ਸਾਲੀਂ ਚੋਣ ਹੁੰਦੀ ਸੀ, ਉਸ ਚੋਣ ਚ ਜਦੋਂ ਸਾਰੀਆਂ ਧਿਰਾਂ ਨਾਲ ਗੁਫਤਗੂ ਹੁੰਦੀ ਤੇ  ਉਹਨਾਂ ਕਮੇਟੀਆਂ ਚ ਮੈਂ ਹਾਇਰ ਕਮੇਟੀਆਂ ਚ ਸ਼ਾਮਿਲ ਹੁੰਦਾ ਸੀ। ਤੇ ਇਹਨਾਂ ਸਾਰੀਆਂ ਗੱਲਾਂ ਤੋਂ ਬਾਅਦ ਫਿਰ ਮੈਂ ਵਾਰਤਕ ਵੱਲ ਆਇਆਂ, ਵਾਰਤਕ ਦਾ ਜਦੋਂ ਝਕ ਖੁੱਲਦਾ ਗਿਆ, ਫਿਰ ਮੈਂ ਸਾਰੇ ਈ ਰੂਪਾਂ ਚ ਕੰਮ ਕੀਤਾ ਔਰ ਆਪਣੀਆਂ ਪਾਕਿਸਤਾਨੋਂ ਤੋਂ ਏਥੇ ਆਉਣ ਦੀਆਂ ਯਾਦਾਂ ਲਿਖੀਆਂ, ਗ੍ਰਿਫਤਾਰੀ ਦੀਆਂ ਯਾਦਾਂ ਲਿਖੀਆਂ। ਜੇਲ ਜੀਵਨ ਬਾਰੇ ਲਿਖਿਆ, ਤੇ ਇਹ ਵੀ ਕਿਤਾਬਾਂ ਕੋਈ ਵੀਹ ਕੁ ਦੇ ਕਰੀਬ ਬਣਦੀਆਂ। ਫਿਰ ਮੈਂ ਨਾਲ ਨਾਲ ਟਰਾਂਸਲੇਸ਼ਨ ਕਰਦਾ ਰਿਹਾ। ਅਸਲ ਵਿੱਚ ਜਦੋਂ 1992 ਵਿੱਚ ਮੈਂ ਰਟਾਇਰ ਹੋਇਆਂ ਤਾਂ ਦੋਸਤ ਨੇ ਮੈਨੂੰ ਕਿਹਾ ਕਿ ਪਰਚਾ ਇੱਕ ਕੱਢਣਾ 'ਚਿਰਾਗ' ਤੇ ਤੂੰ ਉਹ ਸਾਂਭਣਾ, ਤੂੰ ਉਸਦਾ ਐਡੀਟਰ ਹੋਏਂਗਾ, ਚੀਫ ਐਡੀਟਰ, ਉਹ ਮੇਰੇ ਨਾਂ ਤੇ ਡਿਕਲੇਰੇਸ਼ਨ ਸੀ। ਉਹ ਮੇਰੇ ਲਈ ਇੱਕ ਨਵਾਂ ਤਜਰਬਾ ਸੀ। ਉਹਦੇ ਚਪੜਾਸਪੁਣੇ ਤੋਂ ਲੈ ਕੇ, ਉਹਦੇ ਡਿਸਪੈਚ ਤੱਕ, ਉਹਦੇ ਤੇ ਜੋ ਕੁਝ ਤਿਆਰ ਕਰਨਾ, ਉਹ ਇਕੱਲਾ ਮੈਂ ਈ ਕਰਦਾ ਰਿਹਾ। ਦੋਸਤ ਪੈਸੇ ਇਕੱਠੇ ਕਰਦੇ ਸੀ, ਚੰਦੇ ਇਕੱਠੇ ਕਰਦੇ ਸੀ, ਕੁਝ ਸਲਾਹ ਮਸ਼ਵਰਾ ਹੋਏ ਦਿੰਦੇ ਸੀ, ਵਿਚਾਰਾਂ ਵੀ ਹੁੰਦੀਆਂ ਸੀ, ਬਹਿਸਾਂ ਹੁੰਦੀਆਂ ਸੀ, ਨੁਕਤੇਚੀਨੀ ਹੋਣੀ, ਫਿਰ ਰੀਵਿਊ ਹੋਣੇ। ਕੋਈ 20-22 ਸਾਲ 80-86 ਅੰਕ ਤ੍ਰੈ-ਮਾਸਿਕ ਕੱਢੇ ਨੇ। ਤੇ ਨਾਲ ਸਾਡਾ ਬਾਕੀ ਦੇ ਪਰਚਿਆਂ ਨਾਲੋਂ ਫਰਕ ਇਹ ਸੀ ਕਿ ਪਾਕਿਸਤਾਨ ਦਾ ਪੰਜਾਬੀ ਸਾਹਿਤ ਜਿਹੜਾ ਉਹ ਪ੍ਰਾਪਤ ਕਰਕੇ ਅਸੀਂ ਉਹਦੇ ਚ ਲਿਪੀਅੰਤਰਣ ਕਰਕੇ ਛਾਪਦੇ ਰਹੇ ਆਂ। ਉਸ ਗੱਲ ਲਈ ਕਿਉਂਕਿ ਮੈਂ ਪਾਕਿਸਤਾਨ ਤੋਂ ਆਇਆ ਸੀ ਤੇ ਮੈਂ ਉਧਰ ਜਾਂਦਾ ਵੀ ਰਿਹਾਂ ਕਿ ਲਾਲਸਾ ਇਹ ਹੀ ਆਪਣੀ ਜਨਮ ਭੂਮੀ ਕਿਤੇ ਦੇਖ ਸਕਾਂਗੇ। ਭਾਵੇਂ ਮੈਂ ਉਹਦੇ ਚ ਸਫਲ ਹੋਇਆਂ, ਪੰਜ-ਚਾਰ ਵਾਰਾਂ ਜਾਣ ਤੋਂ ਬਾਅਦ ਇੱਕੋ ਵਾਰਾਂ ਆਪਣੇ ਪਿੰਡ ਤੇ ਆਪਣੇ ਘਰ ਜਾ ਸਕਿਆਂ, ਲੇਕਿਨ ਮੈਂ ਛੇ ਕੁ ਵੇਰਾਂ ਉਥੇ ਗਿਆਂ। ਤੇ ਉਹ ਸਫਰਨਾਮਾ ਵੀ ਲਿਖਿਆ ਤੇ ਉਹ ਸਾਹਿਤ ਉਹ ਸਾਡੀ ਇੱਕ ਵਿਸ਼ੇਸ਼ਤਾ ਬਣ ਗਈ 'ਚਿਰਾਗ' ਦੀ ਕਿ ਵਾਹਗਿਓਂ ਪਾਰ ਦਾ ਸਾਹਿਤ ਲਗਾਤਾਰ ਇਹੋ ਈ ਛਾਪਦੇ ਨੇ। ਉੜਦੂ ਦਾ ਪੰਜਾਬੀ ਦਾ ਸ਼ਾਇਰ ਹੈ ਉਥੇ ਬੜਾ ਪਾਪੂਲਰ ਸ਼ਾਇਰ, ਜਾਲਿਬ, ਹਬੀਬ ਜਾਲਿਬ। ਹਬੀਬ ਜਾਲਿਬ ਦਾ ਜਦੋਂ ਮੈਨੂੰ ਪਤਾ ਲੱਗਾ, ਉਦੋਂ ਤੱਕ ਉਹਦੀ ਮੌਤ ਹੋ ਚੁੱਕੀ ਸੀ, ਪਰ ਪਹਿਲਾਂ ਜਦੋਂ ਮੈਂ ਇੱਕ ਵਾਰਾਂ ਗਿਆਂ, ਉਹ ਉਹਦੇ ਨਾਲ ਮੇਰੀ ਲਾਹੌਰ ਵਿੱਚ ਮੁਲਾਕਾਤ ਹੋਈ, ਮੈਂ ਉਹਦੀਆਂ ਵੀ ਇੱਕ ਦੋ

ਕਵਿਤਾਵਾਂ ਛਾਪੀਆਂ ਸੀ। ਫਿਰ ਉਹਦੇ ਬਾਰੇ ਜਦੋਂ ਮੈਂ ਪੜਿਆ ਤਾਂ ਮੈਂ ਉਹਦੇ ਭਰਾ ਨੂੰ ਜਿਹੜਾ ਕਰਾਚੀ ਰਹਿੰਦਾ ਸੀ, ਉਹਨੂੰ ਲਿਖਿਆ ਬਈ ਅਬੀਬ ਬਾਰੇ ਇੱਕ ਦੋ ਚੀਜਾਂ ਘੱਲੋ, ਅੱਜ ਤੋਂ ਦੋ ਕੁ ਸਾਲ ਪਹਿਲਾਂ ਉਹਨੇ ਕਰਾਚੀ ਤੋਂ ਇੱਕ ਵੱਡਾ ਬੰਡਲ ਮੈਨੂੰ ਘੱਲਿਆ, ਜੀਹਦੇ ਉਹਦੇ ਡਾਕ ਖਰਚ ਉਹਨੇ 1800 ਕੀਤਾ ਉਹਨੇ। ਔਰ ਉਹਦੇ ਚ ਜੋ ਕੁਛ ਵੀ ਸੀ, ਕਲਾਮ ਉਹਦਾ ਸਾਰਾ ਘੱਲਿਆ, ਉਹਦੇ ਚ ਉਹਨੇ ਆਪ ਵੀ ਇੱਕ ਕਿਤਾਬ ਆ 1000 ਸਫੇ ਦੀ, ਇੱਕ ਵੱਡਾ ਗਰੰਥ, ਜੋ ਕੁਝ ਉਰਦੂ ਪਰੈਸ ਵਿੱਚ, ਪਾਕਿਸਤਾਨ ਚ ਛਪਿਆ ਸੀ, ਉਹ ਸਾਰਾ ਕੁਝ ਛਾਪ ਕੇ ਤੇ ਉਹਨੇ ਮੈਨੂੰ ਘੱਲਿਆ। ਇਹਨਾਂ ਦਿਨਾਂ ਚ ਈ ਉਹਨੇ ਆਪਣੀ ਮਾਂ ਬਾਰੇ ਇੱਕ ਕਿਤਾਬ ਲਿਖੀ ਆ, ਉਹ ਵੀ ਮੈਨੂੰ ਘੱਲੀ  ਉਹਨੇ। ਤੇ ਅਸੀਂ ਫਿਰ ਅੰਕ ਕੱਢੇ ਨੇ, ਪਾਕਿਸਤਾਨੀ ਸਾਹਿਤ ਅੰਕ ਕੱਢਿਆ, ਫਿਰ ਹਬੀਬ ਜਾਲਿਬ ਅੰਕ ਇਹਨਾਂ ਦਿਨਾਂ ਚ ਕੱਢਿਆ। ਇਸ ਤੋਂ ਬਿਨਾ ਦੁਨੀਆਂ ਦਾ ਜਿਹੜਾ ਸਾਹਿਤ ਸੀ ਪ੍ਰਗਤੀਸ਼ੀਲ, ਉਹ ਵੀ ਅਸੀਂ ਲੋਕਾਂ ਨੂੰ ਪੜਾਇਆ ਅਨੁਵਾਦ ਕਰ ਕਰਕੇ ਔਰ ਉਹਦੇ ਵਿੱਚ ਮੈਂ ਸਮਝਦਾਂ ਬਈ ਮੇਰੇ ਜੀਵਨ ਦਾ ਬੜਾ ਵੱਡਾ ਕੰਮ ਸੀ ਤੇ ਪਹਿਲਾਂ ਤਾਂ ਮੈਂ ਸ਼ਾਇਰ ਚੁਣੇ, ਫਿਰ ਉਹਨਾਂ ਦੀਆਂ ਕਿਤਾਬਾਂ ਇੱਕਠੀਆਂ ਕੀਤੀਆਂ, ਫਿਰ ਉਹਨਾਂ ਨੂੰ ਅਨੁਵਾਦ ਕੀਤਾ, ਫਿਰ ਉਹਨਾਂ ਨੂੰ ਪੰਜਾਬੀ ਰੂਪ ਵਿੱਚ ਛਾਪਿਆ। ਹਿੰਦੀ ਵਿੱਚ ਜਦੋਂ ਰਾਈਟਰਜ, ਪ੍ਰੋਗਰੈਸਿਵ ਰਾਈਟਰਜ ਐਸੋਸੀਏਸ਼ਨ ਕੰਮ ਕਰਨੋਂ ਹਟ ਗਈ ਤਾਂ ਹਿੰਦੀ ਦੇ ਕੁਝ ਸਾਥੀਆਂ ਨੇ ਹਿੰਦੀ ਉਰਦੂ ਦੀ ਸਭਾ ਆਲ ਇੰਡੀਆ ਬਣਾਈ। ਉਹਦੇ ਸਮਾਗਮਾਂ ਉਤੇ ਮੈਂ ਗਿਆਂ ਵਾਂ ਭੁਪਾਲ ਅਤੇ ਕਲਕੱਤੇ ਤੇ ਉਹਦੇ ਸਿੱਟੇ ਵਜੋਂ, ਮੈਂ ਸੋਚਿਆ ਕਿ ਆਪਣੀਆਂ ਕਵਿਤਾਵਾਂ ਨੂੰ ਅੰਗਰੇਜੀ ਵਿੱਚ ਤਰਜਮਾ ਕਰਾਂ ਤੇ ਹਰ ਲੇਖਕ ਦੀ ਇਛਾ ਹੁੰਦੀ ਐ ਕਿ ਉਹਦੀ ਰਚਨਾ ਦੂਜੀ ਜੁਬਾਨ ਵਿੱਚ ਜਾਵੇ, ਪਰ ਮੈਂ ਸਚਿਆ ਕਿ ਮੈਂ ਆਪ ਉਪਰਾਲਾ ਕਰਦਾਂ। ਮੈਂ ਕੁਝ ਕਵਿਤਾਵਾਂ ਅਨੁਵਾਦ ਕਰਕੇ ਭੁਪਾਲ ਲੈ ਗਿਆ। ਉਥੇ ਜਾ ਕੇ ਮੈਂ 15-20 ਨਕਲਾਂ ਕੀਤੀਆਂ ਸੀ ਫੋਟੋਸਟੇਟ, ਮੈਂ ਵੰਡੀਆਂ। ਉਹਦੇ ਬੜੇ ਹੈਰਾਨੀਜਨਕ ਸਿੱਟੇ ਨਿਕਲੇ ਬਈ ਜਿਹੜੇ ਵੀ ਬਾਹਰਲੇ ਸੂਬਿਆਂ ਦੇ ਲੇਖਕ ਆਏ ਸੀ, ਉਹਨਾਂ ਚ ਉਹ ਪੱਤਰੀਆਂ ਮੇਰੀਆਂ ਲੈ ਕੇ ਆਪਣੀਆਂ ਭਾਸ਼ਾਵਾਂ ਚ ਅਨੁਵਾਦ ਕਰਕੇ ਛਾਪੀਆਂ। ਤੇ ਮੈਨੂੰ ਇਹਦੇ ਨਾਲ ਬੜੀ ਤਸੱਲੀ ਹੋਈ, ਮੈਨੂੰ ਹੌਸਲਾ ਮਿਲਿਆ।

ਜਿਹੜੀ ਕੇਂਦਰੀ ਸਭਾ ਵਾ, ਇਹ ਸ਼ੁਰੂ ਸ਼ੁਰੂ ਵਿੱਚ ਬੜੀ ਐਕਟਿਵ ਸੀ, ਔਰ ਇਹਦੀ ਲੀਡਰਸ਼ਿਪ ਜਿਹੜੀ ਸੀ, ਉਹ ਵੱਡੇ ਲੇਖਕਾਂ ਦੇ ਹੱਥਾਂ ਵਿੱਚ ਸੀ, ਇਹ ਪਿੰਡਾਂ ਵਿੱਚ, ਸ਼ਹਿਰਾਂ ਚ, ਨਗਰਾਂ ਚ ਬਣੀਆਂ ਨੇ ਔਰ ਇਹਨੇ ਇੱਕ ਸਭਿਆਚਾਰਕ ਲਹਿਰ ਪੈਦਾ ਕੀਤੀ ਐ। ਔਰ ਇਹਦੇ ਨਾਲ ਨਾਲ ਇਹ ਹੋਇਆ ਕਿ ਜਿਹੜਾ ਟੇਲੈਂਟ ਪਿੰਡਾਂ ਵਿੱਚ ਸੀ, ਉਸ ਟੇਲੈਂਟ ਦੀ ਪਛਾਣ ਹੋਈ ਐ, ਪਰ ਇੱਕ ਸਟੇਜ ਐਸੀ ਵੀ ਆਈ ਕਿ ਏਸ ਸਭਾ ਚ ਵਿਗਾੜ ਪੈਣੇ ਸ਼ੁਰੂ ਹੋ ਗਏ। ਹਰ ਲੇਖਕ ਜਿਹੜਾ ਅਹੁਦੇਦਾਰ ਬਣਨਾ ਚਾਹੁੰਦਾ ਸੀ, ਉਹ ਲੇਖਕਾਂ ਦੀ ਮੈਂਬਰਸ਼ਿਪ ਕਰਦਾ ਸੀ ਚੋਣਾਂ ਵੇਲੇ ਔਰ ਉਹ ਮੈਂਬਰਸ਼ਿਪ ਜਿਹੜੀ ਸੀ, ਉਹਦੇ ਚ ਪਾਠਕ, ਰਿਸ਼ਤੇਦਾਰ, ਲੇਖਕਾਂ ਦੇ ਘਰਦੇ ਸੀ ਜਿਹੜੇ ਉਹ ਭਰਤੀ ਕਰਨੇ ਸ਼ੁਰੂ ਕਰ ਲਏ। ਔਰ ਜਾਹਲਸਾਜੀ ਸ਼ੁਰੂ ਹੋ ਗਈ ਉਹਦੇ ਚ। ਤੇ ਇਹ ਸਾਰਾ ਮਾਹੌਲ ਜਿਹੜਾ ਪਿਛਲੇ 50-60 ਸਾਲਾਂ ਦਾ, ਮੈਂ ਸਮਝਦਾਂ ਬਈ ਖੁਦ ਮੈਂ ਜਦੋਂ ਮੈਂ ਨਵਾਂ ਨਵਾਂ ਲਿਖਣ ਲੱਗਿਆ ਸੀ, ਰਾਮਪੁਰਾ ਲਿਖਾਰੀ ਸਭਾ ਹੁੰਦੀ ਸੀ, ਉਹਨਾਂ ਨੇ ਇੱਕ ਸਿਸਟਮ ਕੱਢਿਆ ਸੀ ਕਿ ਡਾਕ ਰਾਹੀਂ ਵੀ ਮੈਂਬਰ ਬਣ ਸਕਦੇ ਓ ਤੇ ਮੈਨੂੰ ਹਾਲੇ ਕਵਿਤਾ ਲਿਖਣੀ ਨਹੀਂ ਸੀ ਆਉਂਦੀ ਤੇ ਮੈਂ ਉਹਨਾਂ ਦਾ ਮੈਂਬਰ ਬਣ ਗਿਆ। ਉਹ ਮਹੀਨੇ ਪਿਛੋਂ ਮੀਟਿੰਗ ਹੁੰਦੀ ਸੀ, ਮੈਂ ਉਹਨਾਂ ਨੂੰ

ਕਵਿਤਾ ਘੱਲਣੀ, ਉਹਨਾਂ ਨੇ ਕਵਿਤਾ ਤੇ ਬਹਿਸ ਕਰਕੇ ਕੁਲਵੰਤ ਨੀਲੋਂ ਹੁੰਦਾ ਸੀ, ਉਹਨੇ ਜਿਹੜੀ ਬਹਿਸ ਹੋਣੀ ਉਹਨੂੰ ਵਿਸਥਾਰ ਨਾਲ ਚਿੱਠੀ ਲਿਖ ਕੇ ਮੈਨੂੰ ਉਹ ਘੱਲਣੀ, ਉਹਦਾ ਮੈਨੂੰ ਬੜਾ ਲਾਭ ਹੋਇਆ। ਔਰ ਜਿਹੜੀ ਇਕ ਪੀਹੜੀ ਜਿਹੜੀ ਆ, ਤਿਆਰ ਹੋਈ ਆ ਲੇਖਕਾਂ ਦੀ, ਇਸ ਜੱਥੇਬੰਦੀ ਚ ਕੰਮ ਕਰਕੇ। ਹੁਣ ਐਸ ਵੇਲੇ ਆ ਕੇ ਇੱਕ ਜੱਥੇਬੰਦੀ ਹੋਰ ਐ, ਲੁਧਿਆਣੇ ਚ ਪੰਜਾਬੀ ਅਕੈਡਮੀ ਆ ਜਿਹੜੀ, ਉਹਦਾ ਖੇਤਰ ਐਜੀਟੇਸ਼ਨਲ ਤਾਂ ਨਹੀਂ ਐ, ਉਹ ਗਿਆਨ ਗੋਸ਼ਟੀ ਆ ਉਹਦਾ ਬਹੁਤਾ, ਪਰ ਉਹਦੇ ਵਿੱਚ ਵੀ ਹੁਣ ਬੜੀ ਖਿੱਚ ਧੂ ਸ਼ੁਰੂ ਹੋ ਗਈ ਆ। ਲੋਕਾਂ ਦੀਆਂ ਲਾਲਸਾਵਾਂ ਵਧ ਗਈਆਂ ਨੇ ਬਈ ਕਿਸੇ ਨਾ ਕਿਸੇ ਤਰਾਂ ਅਹੁਦਾ ਮਿਲ ਜਾਵੇ। ਹਾਲੀ ਕਿ ਅਹੁਦਾ ਕੋਈ ਲਾਭ ਨਹੀਂ ਦਿੰਦਾ ਲੇਖਕ ਨੂੰ। ਲੇਖਕ ਨੂੰ ਤਾਂ ਜਿਹੜਾ ਅਨੁਭਵ ਪ੍ਰਾਪਤ ਕਰਨਾ, ਜਾਂ ਉਹਨੂੰ ਜੀਵਨ ਤੋਂ ਅਨੁਭਵ ਹੋਵੇ ਜਾਂ ਉਹਨੂੰ ਸਟੱਡੀ ਤੋਂ ਹੋਵੇ ਜਾਂ ਉਹਦੇ ਚ ਕੁਦਰਤੀ ਟੇਲੈਂਟ ਹੋਵੇ, ਇਹ ਦੋ ਤਿੰਨ ਗੱਲਾਂ ਰਲ ਕੇ ਈ ਲੇਖਕ ਗਰੋ ਕਰਦਾ। ਲੇਕਿਨ ਲੇਖਕਾਂ ਦੇ ਵਿੱਚ ਹੁਣ, ਜਦ ਸਮਾਂ ਬਦਲਦਾ, ਉਹਦਾ ਪ੍ਰਭਾਵ ਲੋਕਾਂ ਉਤੇ ਪੈਂਦਾ, ਪੈਸੇ ਦਾ ਲਾਲਚ ਵਧਦਾ, ਪ੍ਰਸਿੱਧੀ ਦਾ ਲਾਲਚ ਵਧਦਾ। ਇਹ ਗੱਲਾਂ ਲੇਖਕ ਲਈ ਸ਼ੋਭਾ ਤੇ ਨਹੀਂ ਦਿੰਦੀਆਂ।

ਸਮਾਂ ਤੇ ਬਦਲਦਾ ਲਗਾਤਾਰ, ਤਬਦੀਲੀ ਨਿਰੰਤਰ ਆਉਂਦੀ ਰਹਿੰਦੀ ਆ। ਕਿਤੇ ਉਹ ਪ੍ਰਗਟ ਹੁੰਦੀ ਆ, ਕਿਤੇ ਉਹ ਦਿਸਦੀ ਨਹੀਂ। ਲੇਖਕ ਦਾ ਕੰਮ ਤਾਂ ਏਸ ਪ੍ਰਗਟ ਤੋਂ ਅਪ੍ਰਗਟ ਤੱਕ ਜਾਣਾ ਹੁੰਦਾ। ਓਹਨੇ ਅਪੀਅਰੈਂਸ ਤੋਂ ਅਸੈਸਸਸ ਤੱਕ ਜਾਣਾ ਹੁੰਦਾ ਉਹਨੇ ਔਰ ਇਹੀ ਉਹਦੇ ਲਈ ਸਭ ਤੋਂ ਵੱਡੀ ਸਮੱਸਿਆ ਹੁੰਦੀ ਆ ਕਿ ਦਿਸਦੇ ਯਥਾਰਥ ਤੋਂ ਅਦਿਸਦੇ ਯਥਾਰਥ ਤੱਕ ਜਾਣਾ। ਸਰਕਾਰਾਂ ਆਪਣੀ ਜਿੰਮੇਵਾਰੀ ਤੋਂ, ਸੋਸ਼ਲ ਰਿਸਪੌਂਸੀਬਿਲਟੀ ਤੋਂ ਭੱਜ ਰਹੀਆਂ ਨੇ ਔਰ ਸਾਰਾ ਕੁਝ ਪ੍ਰਾਈਵੇਟ ਹੁੰਦਾ ਜਾ ਰਿਹਾ, ਉਹਦਾ ਅਸਰ ਸਾਡੇ ਪੰਜਾਬ ਉਤੇ ਵੀ ਪਿਆ ਵਾ। ਹੁਣ ਸਥਿਤੀ ਇਹ ਹੋ ਗਈ ਐ ਕਿ ਪ੍ਰਾਈਵੇਟਾਈਜੇਸ਼ਨ ਦੇ ਦੌਰ ਵਿੱਚ ਸਰਕਾਰੀ ਸਕੂਲ ਪੰਜਾਬ ਦੇ ਫੇਲ ਹੋ ਰਹੇ ਨੇ, ਉਹਦੇ ਚ ਟੀਚਰ ਨਹੀਂਗੇ, ਬੱਚੇ ਨਹੀਂਗੇ, ਉਹਦੇ ਵਿੱਚ ਸਾਮਾਨ ਨਹੀਂ, ਬਿਲਡਿੰਗਾਂ ਨਹੀਂ, ਬੜੇ ਚਾਅ ਨਾਲ ਜਿੰਨਾ ਲੋਕਾਂ ਨੇ ਪਿੰਡਾਂ ਚ ਵਧੀਆ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਸੀ, ਹੁਣ ਉਹ ਉਜਾੜ ਹੋਈ ਜਾ ਰਹੀਆਂ ਨੇ, ਔਰ ਉਹਦੇ ਮੁਕਾਬਲੇ ਦੇ ਬੜੇ ਮਹਿੰਗੇ ਪ੍ਰਾਈਵੇਟ ਸਕੂਲ ਆ ਜਿਹੜੇ ਉਹ ਪ੍ਰਚੱਲਿਤ ਹੋ ਰਹੇ ਆ। ਹਰ ਬੰਦੇ ਦੀ ਇੱਛਾ ਆ ਕਿ ਮੇਰਾ ਬੱਚਾ ਮਾਡਲ ਸਕੂਲ ਚ, ਅੰਗਰੇਜੀ ਪੜਾਉਣ ਵਾਲੇ ਸਕੂਲ ਵਿੱਚ ਦਾਖਲ ਹੋਵੇ। ਇਸ ਸਾਰੇ ਸਿਸਟਮ ਵਿੱਚ ਲੇਖਕ ਦੀ ਜਿੰਮੇਵਾਰੀ ਵਧ ਜਾਦੀ ਆ ਔਰ ਉਹਨੇ ਇਹ ਵੇਖਣਾ ਹੁੰਦਾ ਕਿ ਮੇਰਾ ਜਿਹੜਾ ਫੰਕਸ਼ਨ ਆ, ਮੇਰੀ ਜਿਹੜੀ ਡਿਊਟੀ ਆ, ਉਹ ਅੱਗੇ ਨਾਲੋਂ ਮੁਸ਼ਕਲ ਹੋ ਗਈ ਆ, ਹੁਣ ਲਿਖਣਾ ਕੋਈ ਸੌਖਾ ਨਹੀਂ ਰਿਹਾ। ਹੁਣ ਲਿਖਣ ਲਈ ਬੰਦੇ ਨੂੰ ਆਪਣੇ ਸਿੱਟਿਆਂ ਤੋਂ ਵੀ ਸੁਚੇਤ ਹੋਣ ਦੀ ਲੋੜ ਐ ਔਰ ਇਹ ਵੀ ਹੋ ਸਕਦਾ ਕਿ ਕਿਸੇ ਸਟੇਜ ਤੇ ਫਾਸਸਿਸਟ ਜਾਣ ਜਿਹੜੇ ਦੇਸ਼ ਵਿੱਚੋਂ ਜੋਰ ਫੜ ਜਾਣ। ਰਾਜਨੀਤੀ ਵੱਚ ਭਿਰਸ਼ਟਾਚਾਰ ਵਧ ਰਿਹਾ। ਔਰ ਉਸ ਦੇ ਸਿੱਟੇ ਵਜੋਂ ਲੋਕਾਂ ਦੀਆਂ ਮੁਸ਼ਕਲਾਂ ਵਧ ਰਹੀਆਂ ਨੇ।

ਜਦੋਂ ਪਰਚਾ ਅਸੀਂ ਸ਼ੁਰੂ ਕੀਤਾ ਤਾਂ ਕੁਝ ਫਰੇਮਵਰਕ ਉਹਦਾ ਤੈਅ ਕਰ ਲਿਆ ਸੀ, ਇਸ ਦੀ ਦਿੱਖ ਜਿਹੜੀ ਆ ਉਹ ਪ੍ਰੋਗਰੈਸਿਵ ਹੋਏਗੀ ਔਰ ਸੈਕਲੋਰਿਜਮ ਦੇ ਆਧਾਰ ਉਤੇ ਰਚਨਾਵਾਂ ਛਾਪੀਆਂ ਜਾਣਗੀਆਂ। ਔਰ ਏਸੇ ਸਿਲਸਲੇ ਚ ਈ ਅਚਾਨਕ ਹੀ ਮੈਨੂੰ ਇੱਕ ਜੱਥੇ ਨਾਲ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ।

ਉਥੇ ਕੋਈ ਐਸਾ ਨਹੀਂ ਸੀ ਸੰਪਰਕ, ਜੀਹਦੇ ਨਾਲ ਕਿ ਪਾਕਿਸਤਾਨ ਦੇ ਲੇਖਕਾਂ ਨਾਲ ਤਾਰ ਜੁੜ ਸਕਦੀ। ਉਥੇ ਗੁਰੂ ਨਾਨਕ ਕਾਲਜ ਆ, ਉਦੋਂ ਐਫ ਏ ਦਾ ਕਾਲਜ ਸੀ, ਨਨਕਾਣਾ ਸਾਹਿਬ ਵਿੱਚ। ਮੈਂ ਉਥੇ ਚਲਾ ਗਿਆ, ਕਾਲਜ ਦੇ ਪ੍ਰੋਫੈਸਰਾਂ ਨੂੰ ਮਿਲਿਆ, ਉਹਨਾਂ ਮੈਨੂੰ ਕਿਹਾ ਕਿ ਜਦੋਂ ਜੱਥਾ ਆਵੇ ਤਾਂ ਲਾਹੌਰ ਤੋਂ ਕੁਝ ਪੰਜਾਬੀ ਦੇ ਲੇਖਕ, ਕੁਝ ਉਰਦੂ ਦੇ ਲੇਖਕ ਆਉਂਦੇ ਹੁੰਦੇ ਆ। ਮੈਂ ਕਿਹਾ ਜੇ ਆਏ ਤਾਂ ਮੈਨੂੰ ਮਿਲਾਇਓ। ਲਓ ਜੀ, ਇੱਕ ਉਹ ਕੌਨਟੈਕਟ ਬਣ ਗਿਆ ਮੇਰਾ, ਤੇ ਉਹ ਮਨੀਰ ਅਸਰੀ ਇੱਕ ਉਰਦੂ ਦਾ ਗਜਲਗੋ ਸੀ ਪ੍ਰੋਫੈਸਰ ਉਥੇ, ਉਹ ਉਹਨੂੰ ਮੈਂ ਕਿਹਾ ਤੇ ਉਹ ਜਦੋਂ ਤਿੰਨ ਜਾਣੇ ਲਿਖਾਰੀ ਤਾਂ ਉਹ ਮੇਰੇ ਕਮਰੇ ਚ, ਮੈਂ ਦੱਸਿਆ ਹੋਇਆ ਸੀ, ਉਥੇ ਸਰਾਂ ਦੇ ਵਿਚ ਆ ਗਏ। ਉਹਨਾਂ ਚ ਇੱਕ ਰਾਜਾ ਰਸਾਲੂ ਸੀ, ਆਮ ਤੌਰ ਤੇ ਉਥੋਂ ਦੀਆਂ ਸਭਾਵਾਂ ਨੂੰ ਚਲਾਉਣ ਵਾਲਾ ਪ੍ਰਬੰਧਕ ਕਿਸਮ ਦਾ ਔਰਗੇਨਾਈਜਰ ਸੀ। ਉਹਨਾਂ ਮੈਨੂੰ ਕਿਹਾ ਬਈ ਤੁਸੀਂ ਜਦ ਹੁਣ ਲਾਹੌਰ ਜਾਣਾ, ਲਾਹੌਰ ਥੋਨੂੰ ਇੱਕ ਦਿਨ ਘੁੰਮਣ ਫਿਰਨ ਨੂੰ ਮਿਲਣਾ। ਤੇ ਤੁਸੀਂ ਪਾਕਟੀ ਹਾਊਸ ਆ, ਉਥੇ ਅਨਾਰਕਲੀ ਬਾਜਾਰ ਵਿੱਚ, ਉਥੇ ਆ ਜਾਣਾ ਤੇ ਅਸੀਂ ਇੱਕ ਹੋਰ ਮੇਰਾ ਜਮਾਤੀ ਦੋਸਤ ਸੀ, ਅਸੀਂ ਦੋਵੇਂ ਉਥੇ ਲਾਹੌਰ ਪਹੁੰਚਦਿਆਂ ਈ ਉਥੇ ਫਟਾ ਫਟ ਪੁਛ ਪੜਤਾਲ ਕੀਤੀ ਕਿ ਪਾਕਟੀ ਹਾਊਸ ਚਲੇ ਜਾਈਏ। ਉਹ ਬੰਦੇ ਸਾਨੂੰ ਮਿਲੇ ਉਥੇ। ਉਹਨਾਂ ਨੇ ਕੁਝ ਕਿਤਾਬਾਂ ਕਹਿੰਦੇ ਅਸੀਂ ਏਥੇ ਤੁਹਾਨੂੰ ਕਿਤਾਬਾਂ ਲਿਆ ਕੇ ਦਿੰਨੇ ਆਂ। ਮਜਲਸ ਸ਼ਾਹ ਹੁਸੈਨ ਇੱਕ ਸੰਸਥਾ ਸੀ ਉਹਨਾਂ ਦੀ, ਉਹਨਾਂ ਨੇ ਕੁਝ ਕਿਤਾਬਾਂ ਛਾਪੀਆਂ ਸੀ। ਉਹ ਨਜਮ ਹੁਸੈਨ ਸਯੀਦ ਸੀ ਕਵੀ, ਜਿਹੜਾ ਵੱਡਾ ਕਵੀ ਐ, ਉਹਦੀਆਂ ਕਿਤਾਬਾਂ ਸੀ, ਉਹ ਮੈਨੂੰ ਉਹਨਾਂ ਲਿਆ ਕੇ ਦਿੱਤੀਆਂ। ਇਸ ਤੋਂ ਪਹਿਲਾਂ ਇੱਕ ਵਾਰੀ ਮੈਨੂੰ ਪੰਜਾਬ ਦੀ ਸਰਕਾਰ ਨੇ ਸੀ ਆਈ ਡੀ ਨੇ ਰੋਕ ਲਿਆ, ਸੀ ਆਈ ਡੀ ਨੇ, ਮੈਂ ਜੱਥੇ ਚ ਗਿਆ ਸੀ, ਮੇਰੇ ਕੋਲ ਵੀਜਾ ਵੀ ਸੀ, ਮੇਰੇ ਕੋਲ ਪਾਸਪੋਰਟ ਵੀ ਸੀ ਭਾਰਤ ਸਰਕਾਰ ਦੀ, ਮੈਨੂੰ ਕਹਿੰਦੇ ਤੈਨੂੰ ਨੀ ਜਾਣ ਦੇਣਾ। ਮੈਂ ਕਿਹਾ, 'ਕਿਉਂ ਨੀ ਜਾਣ ਦੇਣਾ?' ਕਹਿੰਦੇ, 'ਹੁਕਮ ਆਇਆ ਸਰਕਾਰ ਦਾ, ਪੁਲੀਸ ਦਾ ਹੁਕਮ ਆ ਜੀ' ਮੈਂ ਕਿਹਾ, 'ਪੁਲਿਸ ਕੌਣ ਹੁੰਦੀ ਆ ਰੋਕਣ ਆਲੀ? ਰਾਸ਼ਟਰਪਤੀ ਨੇ ਮੈਨੂੰ ਦਿੱਤੀ ਆ ਪਾਸਪੋਰਟ, ਪਕਿਸਤਾਨ ਸਰਕਾਰ ਨੇ ਵੀਜਾ ਦਿੱਤਾ। ਪੁਲਿਸ ਵਿੱਚ ਕਿਧਰੋਂ ਆ ਗਈ?' ਕਹਿੰਦੇ, 'ਜੋ ਕੁਛ ਵੀ ਹੋਵੇ, ਜਾਣ ਨੀ ਦੇਣਾ' ਮੈਂ ਕਿਹਾ, 'ਏਥੇ ਲਿਖ ਦਿਓ' ਉਹਨਾਂ ਨੇ ਮੈਨੂੰ ਲਿਖਤਾ 'ਐਗਜਟ, ਰਫਿਊਜਡ ਐਜ ਪਰ ਗੌਰਮਿੰਟ ਇਨਸਟਰੱਕਸ਼ਨਜ' ਲਿਖਕੇ, ਮੈਂ ਕਿਹਾ ਕਿ ਥੱਲੇ ਮੋਹਰ ਵੀ ਲਾ ਦਿਓ, ਥੱਲੇ ਦਸਤਖਤ ਵੀ ਕਰ ਦਿਓ, ਡੇਟ ਵੀ ਪਾ ਦਿਓ। ਜਦੋਂ ਮੈਂ ਉਥੋਂ ਵਾਪਿਸ ਆ ਗਿਆ ਫਿਰ ਸਰਹੱਦ ਤੋਂ। ਆ ਕੇ ਮੈਂ ਪਰੈਸ ਬਿਆਨ ਦਿੱਤਾ, ਇੱਕ ਵਕੀਲ ਮੈਨੂੰ ਆਂਹਦਾ, 'ਯਾਰ, ਇਹ ਮੁਕਦਮਾ ਲੜਨ ਵਾਲਾ ਵਾ, ਤੂੰ ਪੈਸਾ ਕੋਈ ਨਾ ਦੇਵੀਂ। ਅਸੀਂ ਇਹ ਮੁਕੱਦਮਾ ਲੜਨਾ ਹਾਈਕੋਰਟ ਚ ਰਿੱਟ ਕਰਦੇ ਆਂ।' ਮੈਂ ਕਿਹਾ, 'ਠੀਕ ਆ' ਉਹ ਪਰਮਜੀਤ ਸਿੰਘ ਸੀ ਗੁਰਦਾਸਪੁਰ ਦਾ। ਉਹਨੂੰ ਮੈਂ ਕੇਸ ਦੇ ਦਿੱਤਾ, ਉਹ ਲੜਿਆ। ਓਸ ਥਾਣੇਦਾਰ ਨੂੰ ਪੰਜ ਸੌ ਰੁਪਇਆ ਜੁਰਮਾਨਾ ਹੋ ਗਿਆ, ਜੀਹਨੇ ਮੈਨੂੰ ਰੋਕਿਆ ਸੀ ਔਰ ਉਹਨਾਂ ਕਿਹਾ ਇਹ ਅਕਸਪੰਜ ਕਰ ਦਿਓ, ਜੋ ਕੁਮੈਂਟ ਲਿਖੇ ਆ। ਉਸ ਤੋਂ ਬਾਅਦ ਫਿਰ ਮੈਂ ਦੂਜੀ ਵਾਰ ਗਿਆ। ਮੈਨੂੰ ਡਰ ਸੀ ਕਿ ਰੋਕਣਗੇ, ਪਰ ਫਿਰ ਨੀ ਮੈਨੂੰ ਕਿਸੇ ਨੇ ਰੋਕਿਆ, ਰੂਕਿਆ। ਤੇ ਏਹ ਸਾਰਾ ਕੁਝ ਜੋ ਮੈਂ ਫਿਰ ਗੇੜੇ ਕੱਢਦਾ ਰਿਹਾਂ, ਲਿਖਦਾ ਰਿਹਾਂ। ਤੇ ਮੈਂ ਉਹ ਫਿਰ ਕੁਝ ਜਦੋਂ ਕਾਫੀ ਸਾਰਾ ਕੁਝ ਹੋ ਗਿਆ, ਮੈਂ ਉਹ ਸਫਰਨਾਮਾ ਪਾਕਿਸਤਾਨ ਦਾ ਛਾਪ ਦਿੱਤਾ। ਉਹਦਾ ਨਾਂ ਰੱਖਿਆ ਮੈਂ 'ਮੁਹੱਬਤ ਦਾ ਸਫਰਨਾਮਾ' ਇਹਨਾਂ ਦਿਨਾਂ ਚ ਈ ਫਿਰ ਮੈਂ ਦੋ ਕੁ ਸਾਲ ਪਹਿਲਾਂ ਵਾਹਗੇ ਪਾਰ, ਫਿਰ ਮੈਂ ਸੋਚਿਆ ਇਹ ਕਿਤਾਬਾਂ ਜਿਹੜੀਆਂ ਇਹਨਾਂ ਦੀ

ਵਰਤੋਂ ਕੀਤੀ ਜਾਵੇ, ਤਰਜਮੇ ਕਰਨ ਤੋਂ ਬਿਨਾ, ਫਿਰ ਮੈਂ ਜਿਹੜੀ ਸ਼ਾਇਰੀ ਸੀ, ਉਹ ਕੱਢ ਕੇ ਤੇ ਮੈਂ ਕਿਤਾਬ ਲਿਖਣੀ ਸ਼ੁਰੂ ਕੀਤੀ, ਜਿਸਦਾ ਨਾਂ ਸੀ 'ਵਾਹਗੇ ਪਾਰ ਦੇ ਪੰਜਾਬੀ ਕਵੀ', ਉਹਦੇ ਚ 20 ਕੁ ਕਵੀ ਮੈਂ ਡਿਸਕਸ ਕੀਤੇ ਤੇ ਉਸ ਕਿਤਾਬ ਦਾ ਚੰਗਾ ਸਵਾਗਤ ਹੋਇਆ ਔਰ ਉਹ ਇਸ ਵਿਸ਼ੇ ਤੇ ਲਿਖਿਆ ਬੜਾ ਘੱਟ ਗਿਆ। ਫਿਰ ਇਸੇ ਤਰਾਂ ਬਾਬਾ ਨਜਮੀ ਦੀ ਕਿਤਾਬ ਸੀ ਜਿਹੜੀ, ਉਹ ਡਾਕਟਰ ਨਿਰਮਲ ਸਿੰਘ ਨੇ ਏਥੇ ਲਾਂਬੜੇ ਵਿੱਚ ਬੜੇ ਸੋਸ਼ਲ ਐਕਟੀਵਿਸਟ ਆ, ਔਰ ਹਿੰਦੁਸਤਾਨ-ਪਾਕਿਸਤਾਨ ਦੀ ਮਿੱਤਰਤਾ ਦੇ ਚਾਹਵਾਨ ਨੇ, ਉਹਨਾਂ ਨੇ ਮੇਰਾ ਮਾਨ ਸਨਮਾਨ ਕਰਨਾ ਸੀ, ਮੈਂ ਉਹਨਾਂ ਨੂੰ ਕਿਹਾ, 'ਯਾਰ, ਤੁਸੀਂ ਬਾਬਾ ਨਜਮੀ ਕਿਉਂ ਨੀ ਛਾਪਿਆ?' ਕਹਿੰਦਾ, 'ਯਾਰ, ਅਸੀਂ ਇਕਰਾਰ ਕੀਤਾ ਸੀ, ਉਹਦੇ ਨਾਲ, ਉਹਦਾ ਮਾਣ ਵੀ ਕੀਤਾ ਵੈਸੇ, ਪਰ ਸਾਥੋਂ ਛਪਿਆ ਨੀ। ਤੁਸੀਂ ਅਖੇ ਉਹ ਕਿਉਂ ਨੀ ਪੰਜਾਬੀ ਚ ਕਰ ਦਿੰਦੇ?' ਮੈਂ ਉਹਦੀਆਂ ਤਿੰਨੇ ਕਿਤਾਬਾਂ ਈ ਕਵਿਤਾ ਦੀਆਂ ਪ੍ਰਾਪਤ ਕਰ ਚੁੱਕਾ ਸੀ ਉਦੋਂ ਤਾਈਂ ਤੇ ਮੈਂ ਉਹਨਾਂ ਨੂੰ ਕਿਹਾ ਬਈ ਮੈਂ ਕਰ ਦਿੰਨਾ। ਮੈਂ ਤਿੰਨਾਂ ਕਿਤਾਬਾਂ ਦੀ ਚੋਣਵੀਂ ਕਵਿਤਾ ਇੱਕ ਹਫਤੇ ਚ ਤਿਆਰ ਕਰਕੇ ਉਹਨਾਂ ਨੂੰ ਦੇ ਦਿੱਤੀ। ਤੇ ਇਸੇ ਤਰਾਂ ਜਿਹੜਾ ਉਸਤਾਦ ਦਾਮਨ ਐ, ਉਹ ਤੇ ਪਹਿਲਾਂ ਵੀ ਛਪ ਚੁੱਕਾ, ਲੇਕਿਨ ਇਹ ਪੰਜ ਚਾਰ ਸ਼ਾਇਰ ਜਿਹੜੇ ਆ, ਉਹ ਮੈਂ ਲੋਕਾਂ ਤਾਈਂ ਪਹੁੰਚਾਏ ਆ। ਹੁਣ ਇੱਕ ਬਹੁਤ ਵੱਡੀ ਲੇਖਿਕਾ ਉਥੋਂ ਦੀ ਅਫਸਲ ਤਫਸੀਲ, ਉਹ ਅੰਮ੍ਰਿਤਾ ਪ੍ਰੀਤਮ ਦੀ ਬੜੀ ਮਿੱਤਰ ਰਹੀ ਐ ਔਰ ਉਹ ਦਿੱਲੀ ਵੀ ਆਈ ਸੀ, ਏਥੇ ਉਹਦਾ ਪਿੰਡ ਹੁਸ਼ਿਆਰਪੁਰ ਵਿੱਚ ਸੀ, ਉਹ ਸਾਰੇ ਉਹਨਾਂ ਦੇ ਚਾਚੇ ਤਾਇਆਂ ਦੇ ਬੱਚੇ, ਬੰਦੇ ਸਾਰੇ ਵੱਢ ਸੁੱਟੇ ਸੀ ਔਰ ਉਹ ਕਿਤੇ ਨਾਨਕੇ ਗਈ ਸੀ, ਉਹ ਬਚ ਗਈ, ਹੁਣ ਉਹ ਇੱਥੇ ਆਈ ਸੀ। ਹੁਣ ਅਸੀਂ ਅਗਲਾ ਅੰਕ ਜਿਹੜਾ 'ਚਿਰਾਗ' ਦਾ ਕੱਢਣਾ ਵਾ, ਅਫਸਲ ਤਫਸੀਲ ਤੇ ਅੰਕ ਕੱਢਾਂਗੇ। ਉਹਦੇ ਵਿੱਚ ਅਸੀਂ ਉਹਦਾ ਇੱਕ ਨਾਵਲਟ ਜਦੋਂ ਫੌਜੀ ਰਾਜ ਵੇਲੇ ਉਹ ਅੰਡਰ ਗਰਾਊਂਡ ਰਹੀ ਐ, ਉਹ ਕੋਈ 80 ਕੁ ਸਫੇ ਦਾ ਨਾਵਲਿਟ ਆ, ਉਹ ਛਾਪਾਂਗੇ, ਫਿਰ ਕੁਝ ਉਹਦੀਆਂ ਕਹਾਣੀਆਂ ਛਾਪਾਂਗੇ। ਤੇ ਇਸ ਤਰਾਂ ਮੈਂ ਸਮਝਦਾਂ ਜਿਹੜਾ ਪਾਕਿਸਤਾਨ ਦਾ ਪੰਜਾਬੀ ਸਾਹਿਤ ਆ, ਉਹ ਸਾਡੇ ਸਾਹਿਤ ਦਾ ਹਿੱਸਾ, ਅਸੀਂ ਉਹਨੂੰ ਹਿੱਸਾ ਸਮਝਕੇ ਲੋਕਾਂ ਤਾਈਂ ਪਹੁੰਚਾਉਨੇ ਆਂ ਔਰ ਇਹ ਸਾਡੀ ਡਿਊਟੀ ਐ ਕਿ ਲਿਪੀ ਦੀਆਂ ਹੱਦਾਂ ਨੂੰ ਟੱਪ ਕੇ ਅਸੀਂ ਉਥੋਂ ਦਾ ਚੰਗਾ ਸਾਹਿਤ ਲੋਕਾਂ ਤੱਕ ਪਹੁੰਚਾਈਏ।

ਤੇ ਜਿਥੋਂ ਤਾਈਂ ਪਾਕਿਸਤਾਨ ਦੇ ਲੋਕ ਸਾਹਿਤ ਦੀ ਗੱਲ ਐ, ਅਸੀਂ ਪਿਛਲੇ ਸਾਲ ਹਬੀਬ ਜਾਲਿਬ ਦਾ ਵਿਸ਼ੇਸ਼ ਅੰਕ ਕੱਢਿਆ ਸੀ, ਜੀਹਦੇ ਚ ਉਹਦੀ ਬਾਇਓਗਰਾਫਕਿਲ ਸਟੱਡੀ ਆ, ਉਹਦੀਆਂ ਕੁਝ ਨਜਮਾਂ ਨੇ, ਉਹਦੇ ਬਾਰੇ ਲੇਖ ਨੇ ਔਰ ਇਸੇ ਤਰਾਂ ਅਸੀਂ ਸੰਨ 47 ਬਾਰੇ ਦੋ ਕੁ ਸਾਲ ਪਹਿਲਾਂ ਇੱਕ ਇਸ਼ੂ ਕੱਢਿਆ ਸੀ 'ਚਿਰਾਗ' ਦਾ ਵੰਡ ਉਤੇ ਇਸ਼ੂ ਜਿਹੜਾ ਸੀ। ਤੇ ਜਦੋਂ ਫੈਜ ਅਹਿਮਦ ਫੈਜ ਦੀ ਸੌ ਸਾਲਾ ਜਨਮ ਸ਼ਤਾਬਦੀ ਮਨਾਈ ਗਈ ਐ ਤਾਂ ਅਸੀਂ ਦੋ ਸਾਲ ਪਹਿਲਾਂ ਫੈਜ ਉਤੇ ਸਪੈਸ਼ਲ ਅੰਕ ਕੱਢਿਆ ਸੀ। ਇਹ ਕੋਈ ਡੇਢ ਕੁ ਸਫੇ ਦਾ ਅੰਕ ਐ, ਜੀਹਦੇ ਵਿੱਚ ਉਹਦੀਆਂ ਯਾਦਾਂ ਨੇ, ਉਹਦੇ ਇੰਟਰਵਿਊ ਨੇ, ਉਹਦੀਆਂ ਨਜਮਾਂ ਨੇ, ਉਹਦੀਆਂ ਪੰਜਾਬੀ-ਉੜਦੂ ਨਜਮਾਂ, ਲਿਪੀਆਂਤਰਣ ਕਰਕੇ ਛਾਪੀਆਂ ਨੇ। ਆਹ ਦੇਖੋ ਅਹਿ ਐ, ਇਹਦੀ ਇੱਕ ਨਜਮ ਐ, ਉਹਦੇ ਚ, ਹਬੀਬ ਜਾਲਿਬ ਕਹਿੰਦਾ

ਜਾਲਿਬ ਸਾਈਂ ਕਦੇ ਕਦਾਈਂ, ਚੰਗੀ ਗੱਲ ਕਹਿ ਜਾਂਦਾ ਹੈ
ਲੱਖ ਪੂਜੋ ਚੜਦੇ ਸੂਰਜ ਨੂੰ, ਆਖਿਰ ਉਹ ਲਹਿ ਜਾਂਦਾ ਹੈ

ਹੁਣ ਇਹ ਗੱਲ ਸਿੱਧੀ ਸੰਕੇਤ ਕਰਦੀ ਹੈ ਮਿਲਟਰੀ ਰਾਜ ਬਾਰੇ-

ਬਾਜ ਤੇਰੇ ਉਹ ਦਿਲ ਦੇ ਸਾਥੀ, ਦਿਲ ਦੀ ਹਾਲਤ ਕੀ ਹੁੰਦੀ
ਕਦੇ ਕਦੇ ਇਹ ਥੱਕਿਆ ਰਾਹੀ, ਰਸਤੇ ਦੇ ਵਿੱਚ ਬਹਿ ਜਾਂਦਾ ਹੈ
ਸਾਂਦਲ ਬਾਰ ਵਸੇਂਦੀਏ ਹੀਰੇ, ਵਸਦੇ ਰਹਿਣ ਤੇਰੇ ਹਾਸੇ
ਦੋ ਪਲ ਤੇਰੇ ਗਮ ਦਾ ਰੋਣਾ, ਅੱਖੀਆਂ ਦੇ ਵਿੱਚ ਰਹਿ ਜਾਂਦਾ ਹੈ

ਇਹ ਹਬੀਬ ਜਾਲਿਬ ਹੁਸ਼ਿਆਰਪੁਰ ਦਾ ਸੀ, ਏਥੇ ਜਨਮ ਹੋਇਆ-

ਹਾਏ ਦੁਆਬੇ ਦੀ ਉਹ ਧਰਤੀ, ਜਿਥੇ ਮੁਹੱਬਤ ਵਸਦੀ ਸੀ
ਹੰਝੂ ਬਣ ਕੇ ਦੁੱਖ ਵਤਨਾਂ ਦਾ, ਅੱਖੀਆਂ ਚੋਂ ਵਹਿ ਜਾਂਦਾ ਹੈ
ਫਜਰੇ ਉਹ ਚਮਕਾਉਂਦਾ ਡਿੱਠਾ, ਜਾਲਿਬ ਸਾਰੀ ਦੁਨੀਆਂ ਨੂੰ
ਰਾਤੀਂ ਜਿਹੜਾ ਸੇਕ ਦੁੱਖਾਂ ਦੇ ਹੱਸ ਹੱਸ ਕੇ ਸਹਿ ਜਾਂਦਾ ਹੈ

ਮੈਂ ਲਾਹੌਰ ਜਾਂਦਿਆਂ ਉਹਦੀ ਇੱਕ ਕਿਤਾਬ ਪ੍ਰਾਪਤ ਕਰ ਲਈ ਸੀ, ਉਸ ਕਿਤਾਬ ਦਾ ਨਾਂ ਏ 'ਰਾਤ ਕਲਹਿਣੀ'। ਉਹਦੇ ਚ ਉਹਦੇ ਫਿਲਮੀ ਗੀਤ ਨੇ ਪੰਜਾਬੀ ਦੇ ਔਰ ਉਹਦੀਆਂ ਪੰਜਾਬੀ ਕਵਿਤਾਵਾਂ ਨੇ। ਮੈਂ ਉਹ ਸਾਰੀਆਂ ਤਰਜਮਾ ਕਰਕੇ ਸਾਹਿਤ ਅਕੈਡਮੀ, ਲੁਧਿਆਣਾ ਨੂੰ ਦੇ ਦਿਤੀਆਂ ਨੇ ਔਰ ਮੇਰਾ ਖਿਆਲ ਆ ਕਿ ਉਹ ਮਹੀਨੇ ਕੁ ਚ ਕਿਤਾਬ ਛਪ ਕੇ ਬਾਹਰ ਆ ਜਾਏਗੀ। ਫਿਰ ਉਹਨਾਂ ਮੈਨੂੰ ਕਿਹਾ ਕਿ ਤੁਸੀਂ ਫੈਜ ਤੇ ਬੜਾ ਕੰਮ ਕੀਤਾ ਨਿੱਠ ਕੇ, ਸਾਨੂੰ ਵੀ ਉਹਦੀ ਇੱਕ ਕਿਤਾਬ 200 ਸਫੇ ਦੀ ਤਿਆਰ ਕਰ ਦਿਓ; ਪਰ ਨਾਲ ਇਹ ਕਰਿਓ ਉਹਦਾ ਬਾਇਓਗਰਾਫੀਕਲ ਕੁਝ ਵੇਰਵੇ ਜਰੂਰ ਦਿਓ ਤੁਸੀਂ। ਤੇ ਜਿਹੜਾ ਫੈਜ ਅਹਿਮਦ ਫੈਜ ਐ ਉਹਨੇ ਆਪਣੀ ਸਵੈ ਜੀਵਨੀ ਨਹੀਂ ਸੀ ਲਿਖੀ, ਉਹਦਾ ਇੱਕ ਮਿੱਤਰ ਸੀ ਡਾਕਟਰ ਅਜੂਬ ਮਿਰਜਾ, ਜਿਹੜਾ ਮੈਨੂੰ ਇੰਗਲੈਂਡ ਵਿੱਚ ਮਿਲਿਆ ਸੀ, ਉਹਨੇ ਕਿਤਾਬ ਲਿਖੀ ਸੀ, ਉਹ ਇੰਟਰਵਿਊ ਦੀ ਸ਼ਕਲ ਵਿੱਚ ਸੀ ਕਿ ਫੈਜ ਨਾਲ ਹਰ ਦੂਜੇ ਚੌਥੇ ਦਿਨ ਉਹ ਇੰਟਰਵਿਊ ਕਰਕੇ ਉਹ ਕਿਸੇ ਵਿਸ਼ੇ ਤੇ ਲੇਖ ਲਿਖਦਾ ਸੀ। ਉਸ ਕਿਤਾਬ ਦਾ ਨਾਂ ਸੀ 'ਹਮਕੇ ਠਹਿਰੇ ਅਜਨਬੀ' ਤੇ ਇਹ ਸਾਰੀਆਂ ਚੀਜਾਂ ਪੜ ਕੇ ਤੇ ਮੈਨੂੰ ਸਾਹਿਤ ਅਕੈਡਮੀ ਲੁਧਿਆਣਾ ਨੇ ਕਿਹਾ ਕਿ ਫੈਜ ਬਾਰੇ ਕਿਤਾਬ ਤਿਆਰ ਕਰ ਕੇ ਦਿਓ। ਮੈਂ ਉਹ ਕਿਤਾਬ ਉਹਨਾਂ ਨੂੰ ਤਿਆਰ ਕਰ ਦਿੱਤੀ। ਇਹ ਹੈਗਾ ਵਾ ਫੋਟੋਗਰਾਫਰ ਟੀਨਾ ਮਦੁੱਤੀ ਐ, ਇਹ ਮੈਕਸੀਕੋ ਵਿੱਚ ਸੀ ਔਰ ਉਥੋਂ ਦਾ ਜਿਹੜਾ ਵੱਡਾ ਚਿਤਰਕਾਰ ਸੀ ਡੀਗੋ ਰਬੇਰਾ, ਉਹਦੇ ਨਾਲ ਉਹਦੇ ਨੇੜ ਚ ਰਹੀ ਐ ਇਹ, ਤੇ ਇਹਦੇ ਬਾਰੇ ਮੈਂ ਇੱਕ ਲੇਖ ਵੀ ਲਿਖਿਆ ਸੀ, ਟੀਨਾ ਮਦੁੱਤੀ ਬਾਰੇ। ਇਹ ਬਹੁਤ ਵੱਡੀ ਫੋਟੋਗਰਾਫਰ ਸੀ ਔਰ ਇਹਦੀ ਬਾਇਓਗਰਾਫੀ ਵੀ ਮੈਂ ਪ੍ਰਾਪਤ ਕੀਤੀ ਸੀ। ਏਸੇ ਤਰਾਂ ਹੋਰ ਵੀ ਕਈ ਅੰਕ ਨੇ ਔਰ ਇਹ ਕੋਈ ਮੁਨਾਫਾ ਕੱਢਣ ਲਈ ਨਹੀਂ ਪਰਚਾ ਛਾਪਿਆ ਗਿਆ ਸੀ। ਸਗੋਂ ਇੱਕ ਮੂਵਮੈਂਟ ਨੂੰ ਰੀਪਰਜੈਂਟ ਕਰਨ ਲਈ ਪਰਚਾ ਕੱਢਿਆ ਸੀ ਕਿ ਪ੍ਰਗਤੀਵਾਦੀ ਜਮਹੂਰੀ ਸਾਹਿਤ ਨੂੰ ਛਾਪ ਕੇ ਲੋਕਾਂ ਤਾਈਂ ਖੜਿਆ ਜਾਵੇ

ਔਰ ਵਿਸ਼ਵ ਦੇ ਜਿਹੜੇ ਵੱਡੇ ਸ਼ਾਇਰ ਨੇ, ਲੇਖਕ ਨੇ ਉਹਨਾਂ ਦੀ ਰਚਨਾ ਪੰਜਾਬੀ ਪਾਠਕਾਂ ਤੱਕ ਲਿਜਾਈ ਜਾਵੇ।

ਸਾਹਿਤ ਸਭਾਵਾਂ ਚ ਇਹ ਹੁੰਦਾ ਕਿ ਕੁਝ ਸਭਾਵਾਂ ਤਾਂ ਬੜੀਆਂ ਸਰਗਰਮ ਹੁੰਦੀਆਂ ਔਰ ਉਹਨਾਂ ਦੀ ਲੀਡਰਸ਼ਿਪ ਵੀ ਤਜਰਬੇਕਾਰ ਤੇ ਸੂਝਵਾਨ ਹੁੰਦੀ ਆ। ਜੇ ਉਹ ਅਗਵਾਈ ਕਰਨ ਲੋਕਲ ਲੈਵਲ ਤੇ ਤਾਂ ਸਭਾਵਾਂ ਚ ਜਿਹੜੇ ਵਿਗਾੜ ਪੈਦਾ ਹੁੰਦੇ ਰਹੇ ਨੇ, ਉਹਨਾਂ ਤੋਂ ਬਚਿਆ ਜਾ ਸਕਦਾ। ਪਰ ਇਨਸਪਾਈਟ ਔਫ ਦੈਟ ਜਿਹੜੀ ਕੇਂਦਰੀ ਸਭਾ ਵਾ ਉਹਨੇ ਸਮੇਂ ਸਮੇਂ ਪੰਜਾਬੀ ਜੁਬਾਨ ਦੇ ਵਿਕਾਸ ਲਈ ਜਿਹੜੇ ਰਾਹ ਚ ਰੁਕਾਵਟਾਂ ਆਉਂਦੀਆਂ ਸੀ, ਉਹਦੇ ਬਾਰੇ ਟਰੇਸ ਦਾ, ਸਰਕਾਰ ਦਾ ਧਿਆਨ ਦਿਵਾਉਣ ਲਈ ਲਗਾਤਾਰ ਐਜੀਟੇਸ਼ਨ ਵੀ ਕੀਤਾ। ਦੋ ਕਾਰਜ ਉਹ ਕਰਦੇ ਰਹੇ ਨੇ ਕੇਂਦਰੀ ਸਭਾ ਦੀ ਅਗਵਾਈ ਚ, ਇੱਕ ਤਾਂ ਸੀ ਸਿਧਾਂਤਕ ਨਿਰਨਿਆਂ ਤੇ ਗਿਆਨ ਗੋਸ਼ਟੀ ਕਰਨੀ ਔਰ ਦੂਸਰਾ ਸੀ ਜਿਹੜਾ ਛਪ ਰਿਹਾ ਸਾਹਿਤ ਆ ਸਭਾਵਾਂ ਦਾ ਉਹਦੇ ਉਤੇ, ਉਹਦੇ ਤੇ ਸੈਮੀਨਾਰ ਕੀਤੇ ਜਾਣ ਔਰ, ਤੀਸਰਾ ਕੰਮ ਇਹ ਸੀ ਕਿ ਜਿਹੜੇ ਬਰਨਿੰਗ ਇਸ਼ੂਜ ਆ, ਪੰਜਾਬੀ ਜੁਬਾਨ ਨੂੰ ਸਰਕਾਰੀ ਜੁਬਾਨ ਬਣਾਉਣਾ, ਸਰਕਾਰੀ ਕਚਹਿਰੀਆਂ ਚ, ਹਾਈਕੋਰਟਾਂ ਚ ਪੰਜਾਬੀ ਦੀ ਵਰਤੋਂ ਕੰਪਲਸਰੀ ਕਰਨੀ, ਇਹਦੇ ਸੰਬੰਧ ਚ ਜਦੋਂ ਲੋੜ ਪੈਂਦੀ ਸੀ, ਧਰਨੇ, ਮੁਜਾਹਰੇ, ਜਲਸੇ ਤੇ ਜਲੂਸ, ਗਿਆਨ ਗੋਸ਼ਟੀਆਂ, ਕਨਵੈਨਸ਼ਨਾਂ ਕਰਦੀ ਰਹੀ ਆ ਸਭਾ। ਇਹਦੇ ਵਿੱਚ ਸਭਾ ਦਾ ਬੜਾ ਪਾਜੇਟਿਵ ਰੋਲ ਐ ਕਿ ਉਹਨੇ ਪੰਜਾਬੀ ਜੁਬਾਨ ਦੇ ਵਿਕਾਸ ਲਈ, ਉਹਦੀ ਰਾਖੀ ਲਈ ਕੰਮ ਕੀਤਾ, ਲਗਾਤਾਰ ਕੀਤਾ। ਇਹਨਾਂ ਦਿਨਾਂ ਚ ਸਵਾਲ ਆਇਆ ਸੀ ਕਿ ਸਕੂਲ ਜਿਹੜੇ ਸਰਕਾਰੀ ਆ, ਉਹਨਾਂ ਵਿੱਚ ਵੀ ਪੰਜਾਬੀ ਨਹੀਂ ਪੜਾਈ ਜਾ ਰਹੀ। ਉਸਤਾਦ ਨਹੀਂ ਮਿਲ ਰਹੇ ਤੋ ਸਰਕਾਰ ਨੇ ਫੈਸਲਾ ਕੀਤਾ ਬਈ ਜਰੂਰੀ ਅਸੀਂ ਹੁਕਮ ਦੇਨੇ ਆ ਕਿ ਸਾਰੇ ਪੰਜਾਬੀ ਪੜਾਈ ਜਾਇਆ ਕਰੇ। ਲੇਕਿਨ ਕੋਈ ਸੀਰੀਅਸ ਨਹੀਂ ਉਹਦੇ ਬਾਰੇ। ਲੋਕ ਤਾਂ ਪ੍ਰਾਈਵੇਟ ਮਾਡਲ ਸਕੂਲਾਂ ਦੇ ਮਗਰ ਪੈ ਰਹੇ ਨੇ ਤੇ ਪੰਜਾਬੀ ਜੁਬਾਨ ਦੇ ਵਿਕਾਸ ਬਾਰੇ ਜਿਹੜੇ ਤੌਖਲੇ ਆ, ਉਹ ਸਾਡੇ ਲੇਖਕਾਂ ਦੇ ਵਧਦੇ ਜਾਂਦੇ ਆ।

ਇਸ ਤਰਾਂ ਹੋਇਆ ਕਿ ਜਦੋਂ ਮੈਂ ਮਾਰਚ 92 ਵਿੱਚ ਰਟਾਇਰ ਹੋਇਆ ਤਾਂ ਦੋਸਤਾਂ ਨੇ ਰਲ ਕੇ ਸਲਾਹ ਕੀਤੀ ਕਿ ਕੋਈ ਪਰਚਾ ਕੱਢਿਆ ਜਾਵੇ ਤੇ ਫਿਰ 1992 ਵਿੱਚ ਪਹਿਲਾ ਇਸ਼ੂ ਸਾਡਾ ਨਿਕਲਿਆ, ਅਗਸਤ ਸਤੰਬਰ ਵਿੱਚ ਨਿਕਲਿਆ ਪਹਿਲਾ ਇਸ਼ੂ, 1992 ਵਿੱਚ ਤੇ ਉਹਦਾ ਮੁੱਖ ਐਡੀਟਰ ਤਾਂ ਮੈਨੂੰ ਥਾਪਿਆ ਗਿਆ ਪਰ ਉਹਦੇ ਉਤੇ ਵਿਚਾਰ ਕਰਨ ਲਈ ਸਾਲ ਛੇ ਮਹੀਨੇ ਪਿੱਛੋਂ ਇੱਕ ਦੋ ਮੀਟਿੰਗਾਂ ਹੁੰਦੀਆਂ ਸੀ ਔਰ ਕੁਝ ਚੰਦੇ ਇਕੱਠੇ ਹੁੰਦੇ ਸੀ। ਫਿਰ ਪਰਚਾ ਇਸ ਤਰਾਂ ਹੋਇਆ ਕਿ ਮੇਰੇ ਮਨ ਚ ਇਹ ਖਦਸ਼ਾ ਸੀ ਕਿ ਇਹਨਾਂ ਮਿੱਤਰਾਂ ਨੇ ਮੈਨੂੰ ਰਲ ਕੇ ਐਡੀਟਰ ਤਾਂ ਬਣਾ ਦਿੱਤਾ, ਸੰਭਵ ਹੈ ਕਿ ਇਹ ਸਾਰਾ ਖਰਚਾ ਮੇਰੇ ਤੇ ਪੈ ਜਾਏਗਾ, ਮੇਰੀ ਇਹ ਫਿਕਰਮੰਦੀ ਸੀ। ਫਿਰ 1993 ਵਿੱਚ ਉਥੋਂ ਦੀ ਲੇਖਕ ਸਭਾ ਨੇ ਇੰਗਲੈਂਡ ਦੀ ਮੈਨੂੰ ਸੱਦਿਆ। ਮੈਂ ਉਥੇ ਚਾਰ ਮਹੀਨੇ ਰਿਹਾਂ ਤੇ ਉਹਨਾਂ ਨੇ ਮੈਨੂੰ ਪ੍ਰੇਰਿਤ ਕੀਤਾ ਕਿ ਮੈਨੂੰ ਕੋਈ ਉਥੇ ਕਾਫੀ ਸਾਰੇ ਚੰਦੇ ਇਕੱਠੇ ਕਰ ਕੇ ਦਿੱਤੇ। ਉਹ ਆ ਕੇ ਜਦੋਂ ਮੈਂ ਸਾਂਝੇ ਫੰਡ ਚ ਜਮਾ ਕਰਾ ਦਿੱਤੇ, ਉਹਦੇ ਨਾਲ ਮੈਨੂੰ ਲੱਗਾ ਇਹ ਪਰਚਾ ਹੁਣ ਬੰਦ ਨਹੀਂ ਹੁੰਦਾ। ਫਿਰ 1998-99 ਵਿੱਚ ਮੈਂ ਗਿਆਂ ਵਾਂ ਅਮਰੀਕਾ, ਤੇ ਉਹਦੇ ਵਿੱਚ ਕੈਨੇਡਾ ਗਿਆ, ਮੁੜਕੇ ਇੰਗਲੈਂਡ ਗਿਆ। ਫਿਰ ਮੈਂ ਕੁਝ ਚੰਦੇ ਇਕੱਠੇ ਕੀਤੇ ਔਰ ਹੁਣ ਮੇਰਾ ਖਿਆਲ ਆ 86

ਅੰਕ ਹੋ ਗਏ ਨੇ, 1992 ਤੋਂ ਲੱਗ ਕੇ, ਮੇਰਾ ਖਿਆਲ ਆ 22-23 ਸਾਲ ਹੋ ਗਏ ਨੇ ਇਸ ਗੱਲ ਨੂੰ। ਲੇਕਿਨ ਇਹਦੇ ਚ ਇੱਕ ਵੇਰਾਂ ਵੀ ਪਰਚਾ ਲੇਟ ਨਹੀਂ ਹੋਇਆ ਔਰ ਬੰਦ ਨਹੀਂ ਹੋਇਆ ਔਰ ਦੂਸਰੀ ਗੱਲ ਇਹ ਆ ਕਿ ਅਸੀਂ ਇਹਦੇ ਮਿਆਰ ਨੂੰ ਥੱਲੇ ਡਿੱਗਣ ਨਹੀਂ ਦਿੱਤਾ। ਜਿਹੜੀਆਂ ਪ੍ਰੋਗਰੈਸਿਵ ਵੈਲਿਊਜ ਅਸੀਂ ਸਾਹਮਣੇ ਰੱਖੀਆਂ ਸੀ, ਜਿਹੜੇ ਨਿਸ਼ਾਨੇ ਸਾਹਮਣੇ ਰੱਖੇ ਸੀ, ਉਹਨਾਂ ਉਤੇ ਤਕੜੇ ਹੋ ਕੇ ਪਹਿਰਾ ਦਿੱਤਾ। ਇਹ ਨਾਲ ਗੱਲ ਸੀ ਕਿ ਸਾਨੂੰ ਅਜੇ ਤਾਈਂ ਕੋਈ ਸਰਕਾਰੀ ਇਸ਼ਤਿਹਾਰ ਨਹੀਂ ਮਿਲਿਆ। ਇੱਕ ਦੋ ਇਸ਼ਤਿਹਾਰ ਸੱਜਣਾਂ ਮਿੱਤਰਾਂ ਦੇ ਸੀ, ਹੁਣ ਆ ਕੇ ਕੁਛ ਹੋਇਆ ਕਿ ਕੁਝ ਬਾਹਰ ਦੋਸਤ ਮਿਤਰ ਗਏ ਨੇ, ਉਹਨਾਂ ਨੂੰ ਅਸੀਂ ਨਾਲ ਲਿਆ, ਉਹਨਾਂ ਚੋਂ ਕੁਝ ਸਲਾਹਕਾਰ ਲਾਏ ਨੇ ਨਾਲ, ਉਹ ਸਾਲ ਪਿਛੋਂ ਕੁਝ ਨਾ ਕੁਝ ਸਾਡੀ ਸਹਾਇਤਾ ਕਰਦੇ ਨੇ। ਉਹ ਇੱਕ ਮੁਸ਼ਕਲ ਆਈ ਸੀ ਕਿ ਪਹਿਲਾਂ ਅਸੀਂ ਪਾਕਿਸਤਾਨ ਵਿੱਚ ਲਗਾਤਾਰ ਪਰਚਾ ਘੱਲਦੇ ਸੀ, ਕੋਈ 25-30 ਪਰਚੇ ਅਸੀਂ ਘੱਲਦੇ ਸੀ ਔਰ ਮਿਤਰਾਂ ਨੂੰ ਕਿਹਾ ਹੋਇਆ ਸੀ, ਜਿਹੜਾ ਵੀ ਪੰਜਾਬੀ ਗੁਰਮੁਖੀ ਅੱਖਰਾਂ ਵਿੱਚ ਪੜ ਸਕਦਾ ਉਹ ਦੱਸਦਿਓ, ਅਸੀਂ ਪਰਚਾ ਘੱਲਾਂਗੇ, ਉਦੋਂ ਇਹਦੇ ਉਤੇ ਡਾਕ ਖਰਚ 2 ਰੁਪਏ ਲੱਗਦੇ ਸੀ। ਹੁਣ ਇਹ ਹੋਇਆ ਕਿ ਸਰਕਾਰ ਨੇ ਚੌਂਹ ਕੁ ਸਾਲਾਂ ਤੋਂ ਪੈਸੇ ਵਧਾਏ ਨੇ, ਹੁਣ 45 ਰੁਪਏ ਸਾਨੂੰ ਡਾਕ ਖਰਚ ਪਾਕਿਸਤਾਨ ਤੇ ਲੱਗਦਾ। ਇਸੇ ਤਰਾ ਬਾਹਰਲੇ ਦੇਸ਼ਾਂ ਤੇ ਲੱਗਦਾ। ਪਹਿਲਾਂ ਬਾਹਰਲੇ ਦੇਸ਼ਾ ਤੇ 18 ਕੁ ਰੁਪਏ ਲੱਗਦੇ ਸੀ, ਹੁਣ ਬਾਹਰਲੇ ਦੇਸ਼ ਚ ਜਿਹੜੇ ਗਾਹਕ ਆ ਉਹਨਾਂ ਨੂੰ ਤਾਂ ਘੱਲਦੇ ਆਂ। ਪਾਕਿਸਤਾਨ ਚ ਇੱਕ ਦੋ ਪਰਚੇ ਕਿਸੇ ਨਾ ਕਿਸੇ ਤਰਾਂ ਖਰਚ ਕਰਕੇ ਘੱਲਦੇ ਆਂ। 'ਸਾਰਕ' ਦੇਸ਼ਾਂ ਦਾ ਮਤਲਬ ਇਹ ਸੀ ਕਿ ਉਹਨਾਂ ਵਿੱਚ ਡਾਕ ਸਸਤੀ ਹੋਵੇ ਪਰ ਉਲਟਾ ਹੋ ਗਿਆ ਬਈ ਮਹਿਕਮਿਆਂ ਨੇ ਏਨੇ ਰੇਟ ਵਧਾ ਦਿੱਤੇ ਆ ਕਿ ਸਾਡੀ ਬੇਵਸੀ ਹੋ ਗਈ ਆ। ਔਰ ਨਿਰੰਤਰਤਾ ਜਿਹੜੀ ਆ, ਇੱਕ ਲੈਵਲ ਠੀਕ ਰਹਿਣਾ, ਇੱਕ ਨਿਰੰਤਰਤਾ ਇਹ ਦੋ ਗੱਲਾਂ ਦੇ ਅਸੀਂ ਪਾਬੰਦ ਰਹੇ ਆਂ ਔਰ ਨਵਾਂ ਟੇਲੈਂਟ ਜਿਹੜਾ ਏ, ਉਹਨੂੰ ਪ੍ਰੋਜੈਕਟ ਕਰਦੇ ਰਹੇ ਆਂ। ਇਹਨਾਂ ਦਿਨਾਂ ਚ ਖਨੀ ਤੁਸੀਂ ਪੜਿਆ ਕਿ ਨਹੀਂ, ਗੁਰਦੀਪ ਡੇਹਰਾਦੂਨ ਇੱਕ ਗਜਲਗੋ ਆ ਬੜਾ ਚੰਗਾ, ਜੀਹਨੇ ਕੋਈ 8 ਗਜਲ ਸੰਗ੍ਰਹਿ ਆਪਣੇ ਛਾਪੇ ਨੇ, ਅਸੀਂ ਉਹਦੇ ਉਤੇ ਵੀ ਵਿਸ਼ੇਸ਼ ਅੰਕ ਕੱਢਿਆ, ਹੁਣ ਅਸੀਂ ਇਹਨਾਂ ਦਿਨਾਂ ਚ ਅਫਸਲ ਤਫਸੀਲ ਬਾਰੇ ਕੱਢਣ ਦੀ ਤਿਆਰੀ ਕਰ ਰਹੇ ਆਂ। ਸਮੇਂ ਸਮੇਂ ਜਦੋਂ ਵੀ ਜਰੂਰਤ ਮਹਿਸੂਸ ਹੁੰਦੀ ਆ ਤਾਂ ਅਸੀਂ ਵਿਸ਼ੇਸ਼ ਅੰਕ ਕੱਢਦੇ ਆਂ।

ਕਪੂਰਥਲਾ ਜੇਲ ਵਿੱਚ ਲਿਖੀ ਗਈ ਸੀ, ਇਹ ਐਮਰਜੈਂਸੀ ਦੀ ਗ੍ਰਿਫਤਾਰੀ ਸਮੇਂ, ਇਹਦੇ ਕੁਝ ਸ਼ੇਅਰ ਨੇ, ਇਹ ਗਜਲ ਦੇ ਸ਼ੇਅਰ ਨੇ:

ਸਾਨੂੰ ਰਹਿੰਦਾ ਪੁੱਛਦਾ ਸਾਡਾ ਪਰਛਾਵਾਂ
ਕਿਹੜੀ ਗੱਲੋਂ ਭੁਗਤੀਏ ਪਏ ਯਾਰ ਸਜਾਵਾਂ
ਸਾਨੂੰ ਰਹਿੰਦਾ ਪੁੱਛਦਾ ਸਾਡਾ ਪਰਛਾਵਾਂ
ਕਿਹੜੀ ਗੱਲੋਂ ਭੁਗਤੀਏ ਪਏ ਯਾਰ ਸਜਾਵਾਂ

ਇਹ ਸ਼ੇਅਰ
ਖੁਸ਼ਬੂ ਭਾਵੇਂ ਬੰਦ ਹੈ ਦੀਵਾਰਾਂ ਓਹਲੇ

ਫਿਰ ਵੀ ਸਾਂਝਾਂ ਰੱਖਦੀ ਹੈ ਨਾਲ ਹਵਾਵਾਂ

ਖੁਸ਼ਬੂ ਭਾਵੇਂ ਬੰਦ ਹੈ ਦੀਵਾਰਾਂ ਓਹਲੇ

ਫਿਰ ਵੀ ਸਾਂਝਾਂ ਰੱਖਦੀ ਹੈ ਨਾਲ ਹਵਾਵਾਂ

ਸੂਰਜ ਨੇ ਨਾ ਚਮਕਣਾ ਅੱਗੋਂ ਜਾਂ ਪਿਛੋਂ

ਸੂਰਜ ਨੂੰ ਕੀ ਰੋਕਣਾ ਘਣਘੋਰ ਘਟਾਵਾਂ

ਓੱਗੇ ਸ਼ੇਅਰ ਐ

ਜੇਕਰ ਸਾਨੂੰ ਸੱਜਣਾਂ ਤੂੰ ਮਿਲਣਾ ਹੋਵੇ

ਡਿਊਡੀ ਵਿਚੋਂ ਪੁੱਛ ਲਈਂ ਸਾਡਾ ਪਰਛਾਵਾਂ

ਤੇ ਸ਼ੇਅਰ ਹੈ

ਹੁੰਦੀ ਪਈ ਪਰੀਖਿਆ ਤੇਰੀ ਵੀ ਯਾਰਾ

ਪੈਰੇ ਪੈਰ ਤੇ ਬੈਠੀਆਂ ਨੇ ਬੰਦ ਵਲਾਵਾਂ

ਤੇ ਸ਼ੇਅਰ ਐ

ਪਿੰਡਾਂ ਵਰਗਾ ਪਿੰਡ ਸੀ ਉਹ ਬੋਹੜਾਂ ਵਾਲਾ

ਫੱਤੂ ਚੱਕ ਨੂੰ ਕਰ ਗਈਆਂ ਇਹ ਰੌਸ਼ਨ ਘਟਨਾਵਾਂ

ਤੇ ਆਖਰੀ ਸ਼ੇਅਰ ਐ

ਚੈਨ ਨਾਲ ਜੇ ਜਿੰਦਗੀ ਹੁੰਦਲ ਨੇ ਜੀਣੀ

ਛੱਡ ਦਏ ਫਿਰ ਲਿਖਣੀਆਂ ਬਾਗੀ ਕਵਿਤਾਵਾਂ

ਧੰਨਵਾਦ